Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI/PUNPUN00806 • Issue Dated 27-09-2025 • Vol.43 No.39 • M. 90410-14575 • Page 16 E-mail : khetiduniyan1983@gmail.com


# ਪੀ.ਏ.ਯੂ. ਵੱਲੋਂ ਵਿਕਸਿਤ ਸਭ ਤੋਂ ਵੱਧ ਝਾੜ ਦੇਣ ਵਾਲੀ ਕਣਕ ਦੀ ਕਿਸਮ ਪੀ ਬੀ ਡਬਲਯੂ-826

ਪੀ.ਏ.ਯੂ. ਵੱਲੋਂ ਵਿਕਸਿਤ ਕਣਕ ਦੀ ਕਿਸਮ ਪੀ ਬੀ ਡਬਲਯੂ 826 ਨੇ ਇੱਕ ਵਾਰ ਫੇਰ ਆਪਣੀ ਉੱਚਤਾ ਦਾ ਪ੍ਰਮਾਣ ਦਿੰਦੇ ਹੋਏ ਕੌਮੀ ਪੱਧਰ 'ਤੇ ਕਰਵਾਏ ਗਏ ਕਿਸਮਾਂ ਬਾਰੇ ਸਰਬ ਸਾਂਝੇ ਖੋਜ ਤਜਰਬਿਆਂ ਵਿੱਚ ਸਾਰੇ ਉੱਤਰੀ ਭਾਰਤ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਹ ਤਜ਼ਰਬੇ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਵੱਲੋਂ ਕਣਕ ਅਤੇ ਜੌਂਆਂ ਦੇ ਸੁਧਾਰ ਲਈ ਚਲਾਏ ਜਾਂਦੇ ਪ੍ਰੋਜੈਕਟ ਅਧੀਨ 2024-25 ਵਿੱਚ ਸੇਂਜੂ ਹਾਲਤਾਂ ਅਧੀਨ ਸਮੇਂ ਸਿਰ ਬਿਜਾਈ ਲਈ ਕੀਤੇ ਗਏ ਸਨ। ਭਾਰਤ ਦੇ ਦੋ ਪ੍ਰਮੁੱਖ ਕਣਕ ਪੈਦਾ ਕਰਨ ਵਾਲੇ ਖੇਤਰਾਂ (ਉੱਤਰ-ਪੱਛਮੀ ਮੈਦਾਨੀ ਅਤੇ ਉੱਤਰ ਪੂਰਬੀ ਮੈਦਾਨੀ ਖੇਤਰ) ਵਿੱਚ ਕਰਵਾਏ ਗਏ ਤਜ਼ਰਬਿਆਂ ਦੌਰਾਨ ਪੀ ਬੀ ਡਬਲਯੂ 826 ਨੇ ਆਪਣੀ ਵੱਧ ਝਾੜ ਦੇਣ ਦੀ ਇਤਿਹਾਸਕ ਸਮਰੱਥਾ ਨੂੰ ਕਾਇਮ ਰੱਖਦੇ ਹੋਏ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਪ੍ਰਕਿਰਿਆ ਤਹਿਤ ਪੂਰੇ ਭਾਰਤ ਵਿੱਚ ਵੱਖ-ਵੱਖ ਬ੍ਰੀਡਿੰਗ ਪ੍ਰੋਗਰਾਮਾਂ ਜਿਨ੍ਹਾਂ ਵਿੱਚ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਦੇ ਖੋਜ ਅਦਾਰੇ, ਭਾਰਤ ਦੀਆਂ 29 ਰਾਜ ਐਗਰੀਕਲਚਰਲ ਯੂਨੀਵਰਸਿਟੀਆਂ ਅਤੇ ਪ੍ਰਾਈਵੇਟ ਕੰਪਨੀਆਂ ਵੱਲੋਂ ਤਿਆਰ ਕੀਤੀਆਂ ਕਣਕ ਦੀਆਂ ਵਧੀਆ ਕਿਸਮਾਂ ਦਾ ਲਗਾਤਾਰ ਤਿੰਨ ਸਾਲ ਨਿਰੀਖਣ ਕਰਨ ਉਪਰੰਤ ਸਭ ਤੋਂ ਵਧੇਰੇ ਝਾੜ ਅਤੇ ਕੀੜਿਆਂ ਤੇ ਬਿਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਣ ਵਾਲੀ ਕਿਸਮ ਨੂੰ ਸਿਫਾਰਸ਼ ਕੀਤਾ ਜਾਂਦਾ ਹੈ।

ਸਾਲ 2024-25 ਵਿੱਚ, ਉੱਤਰ-ਪੱਛਮੀ ਮੈਦਾਨੀ ਖੇਤਰ ਲਈ ਸੇਂਜੂ ਹਾਲਤਾਂ ਵਿੱਚ ਸਮੇਂ ਸਿਰ ਬਿਜਾਈ ਲਈ ਉੱਨਤ ਕਿਸਮਾਂ ਦੇ ਨਿਰਖਣ ਲਈ ਕਰਵਾਏ ਗਏ ਤਜ਼ਰਬਿਆਂ ਵਿੱਚ 17 ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਦਾ ਨਿਰੀਖਣ ਕੀਤਾ ਗਿਆ ਜੋ ਕਿ ਸੱਤ ਰਾਜਾਂ ਦੇ 13 ਵੱਖ-ਵੱਖ ਸਥਾਨਾਂ ਉੱਤੇ ਕੀਤੇ ਗਿਆ। ਇਨ੍ਹਾਂ ਤਜ਼ਰਬਿਆਂ ਵਿੱਚ ਪੀ ਬੀ ਡਬਲਯੂ 826 ਨੇ ਔਸਤ 65.7 ਕੁਇੰਟਲ ਪ੍ਰਤੀ ਹੈਕਟੇਅਰ ਝਾੜ ਦੇ ਨਾਲ ਇਸ ਸਮੇਂ ਦੀਆਂ ਪ੍ਰਚੱਲਿਤ ਕਿਸਮਾਂ ਜਿਵੇਂ ਕਿ ਡੀ ਬੀ ਫਬਲਯੂ 222 (64.4 ਕੁਇੰ./ਹੈਕ), ਐੱਚ ਡੀ 3386 (64.0 ਕੁਇੰ/ਹੈਕ) ਅਤੇ ਐੱਚ ਡੀ 3086 (59.9 ਕੁਇੰ./ਹੈਕ.) ਨੂੰ ਪਛਾੜਦੇ ਹੋਏ ਪਹਿਲਾ ਸਥਾਨ ਹਾਸਲ ਕੀਤਾ।

ਇਸੇ ਹੀ ਤਰ੍ਹਾਂ ਉੱਤਰ-ਪੂਰਬੀ ਮੈਦਾਨੀ ਖੇਤਰ



ਲਈ ਸੇਂਜੂ ਹਾਲਤਾਂ ਵਿੱਚ ਸਮੇਂ ਸਿਰ ਬਿਜਾਈ ਲਈ ਉੱਨਤ ਕਿਸਮਾਂ ਦੇ ਨਿਰੀਖਣ ਲਈ ਕਰਵਾਏ ਗਏ ਤਜ਼ਰਬਿਆਂ ਵਿੱਚ 14 ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਦਾ ਪੰਜ ਰਾਜਾਂ ਵਿੱਚ, 14 ਸਥਾਨਾਂ 'ਤੇ ਨਿਰੀਖਣ ਕੀਤਾ ਗਿਆ। ਇਸ ਖੇਤਰ ਵਿੱਚ ਵੀ ਪੀ ਬੀ ਡਬਲਯੂ 826 ਨੇ ਔਸਤ 53.6 ਕੁਇੰਟਲ ਪ੍ਰਤੀ ਹੈਕਟੇਅਰ ਝਾੜ ਦੇ ਕੇ ਇਸ ਖੇਤਰ ਦੀਆਂ ਪ੍ਰਚਲਿਤ ਕਿਸਮਾਂ ਜਿਵੇਂ ਕਿ ਡੀ ਬੀ ਡਬਲਯੂ 187 (51.6 ਕੁਇੰ./ਹੈਕ) ਅਤੇ ਐੱਚ ਡੀ 3086 (49.5 ਕੁਇੰ./ਹੈਕ.) ਨੂੰ ਪਛਾੜਦੇ ਹੋਏ ਪਹਿਲਾ ਸਥਾਨ ਹਾਸਲ ਕੀਤਾ।

ਪੀ ਬੀ ਡਬਲਯੂ 826 ਦਾ ਕਈ ਸਾਲਾਂ ਅਤੇ ਬਹੁ-ਭੂਗੋਲਿਕ ਖੇਤਰਾਂ ਲਈ ਪਹਿਲੇ ਨੰਬਰ ਰਹਿਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੀ ਬੀ ਡਬਲਯੂ 826 ਵਾਤਾਵਰਣ ਅਨੁਕੂਲ ਹੈ ਅਤੇ ਇਹ ਕਿਸਮ ਗਰਮ ਵਾਤਾਵਰਣ ਪ੍ਰਤੀ ਸਹਿਣਸ਼ਕਤੀ ਰੱਖਦੀ ਹੈ ਜਿਸ ਕਾਰਨ ਇਸ ਦੇ ਝਾੜ ਉੱਤੇ ਕੋਈ ਅਸਰ ਨਹੀਂ ਪੈਂਦਾ। ਸਾਲ 2022 ਵਿੱਚ ਪੀ ਬੀ ਡਬਲਯੂ 826 ਦੀ ਸਿਾਰਸ਼ ਤੋਂ ਲੈ ਕੇ ਹੁਣ ਤੱਕ ਇਸ ਕਿਸਮ ਨੂੰ ਵੱਖ-ਵੱਖ ਰਾਜਾਂ ਦੇ ਕਿਸਾਨਾਂ ਵਲੋਂ ਵੱਡਾ ਹੁੰਗਾਰਾ ਮਿਲਿਆ ਹੈ ਜਿਸ ਦੀ ਪੁਸ਼ਟੀ ਕੌਮੀ ਪੱਧਰ 'ਤੇ ਵੱਧ ਰਹੀ ਬੀਜ ਦੀ ਮੰਗ ਤੋਂ ਹੁੰਦੀ ਹੈ। ਏਨੇ ਥੋੜ੍ਹੇ ਸਮੇਂ ਵਿੱਚ ਖੇਤੀਬਾੜੀ, ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ, ਭਾਰਤ ਸਰਕਾਰ ਦੇ ਬ੍ਰੀਡਰ ਸੀਡ ਇੰਡੈਂਟ ਦੀ ਲੜੀ ਵਿੱਚ ਕੁਲ 142 ਕਣਕ ਦੀ ਕਿਸਮਾਂ ਵਿੱਚ ਪੀ ਬੀ ਡਬਲਯੂ 826 ਦਾ ਪਹਿਲੇ 10 ਵਿੱਚ ਆਉਣਾ ਬਹੁਤ ਹੀ ਮਾਨ ਵਾਲੀ ਗੱਲ ਹੈ।

ਪੰਜਾਬ ਵਿੱਚ ਕਣਕ ਦੀ ਕਾਸ਼ਤ ਦੀ ਗੱਲ ਕਰੀਏ ਤਾਂ ਪੀ ਬੀ ਡਬਲਯੂ 826 ਦੀ ਸਿਫ਼ਾਰਿਸ਼ 2022 ਵਿੱਚ ਸੇਂਜੂ ਹਾਲਤਾਂ ਵਿੱਚ ਸਮੇਂ ਸਿਰ ਬਿਜਾਈ ਲਈ ਕੀਤੀ ਗਈ ਸੀ। ਪੰਜਾਬ ਦਾ 40 ਪ੍ਰਤੀਸ਼ਤ ਰਕਬਾ ਪੀ ਬੀ ਡਬਲਯੂ 826 ਅਧੀਨ ਆਉਣਾ ਇਸ ਦੀ ਗਵਾਹੀ ਭਰਦਾ ਹੈ। ਸਾਲ 2024-25 ਦੇ ਅੰਕੜੇ ਅਨੁਸਾਰ ਪੀ ਬੀ ਡਬਲਯੂ 826 ਦੀ ਕਾਸ਼ਤ ਤੋਂ ਪੰਜਾਬ ਰਾਜ ਦੇਕਿਸਾਨਾਂ ਨੂੰ ਲਗਭਗ 1280 ਕਰੋੜ ਦਾ ਆਰਥਿਕ ਮੁਨਾਫ਼ਾ ਹੋਇਆ ਸੀ। ਜ਼ਿਆਦਾ ਅਤੇ ਸਥਿਰ ਝਾੜ, ਵਾਤਾਵਰਣ ਅਨੁਕੂਲ ਹੋਣ ਦੇ ਨਾਲ-ਨਾਲ ਪੀ ਬੀ ਡਬਲਯੂ 826 ਪੱਕਣ ਲਈ ਘੱਟ ਸਮਾਂ ਲੈਂਦੀ ਹੈ। ਪੀ ਬੀ ਡਬਲਯੂ 826 ਸੇਂਜੂ ਹਾਲਤਾਂ ਵਿੱਚ ਸਮੇਂ ਸਿਰ ਬਿਜਾਈ ਵਿੱਚ 148 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸਦਾ ਔਸਤ ਕੱਦ 100 ਸੈ. ਮੀ. ਜੋ ਕਿ ਬਾਕੀ ਸਿਫ਼ਾਰਸ਼ ਕਿਸਮਾਂ ਨਾਲੋਂ ਥੋੜ੍ਹਾ ਘੱਟ ਹੈ। ਇਸਦੇ ਦਾਣਿਆਂ ਦਾ ਵਜ਼ਨ ਅਤੇ ਹੈਕਟੋਲਿਟਰ ਵਜ਼ਨ ਜ਼ਿਆਦਾ ਹੈ ਜਿਸ ਕਾਰਨ ਇਸਦਾ ਔਸਤਨ ਝਾੜ 24 ਕੁਇੰਟਲ ਪ੍ਰਤੀ ਏਕੜ ਰਿਕਾਰਡ ਕੀਤਾ ਗਿਆ ਸੀ ਪ੍ਰੰਤੂ ਕਿਸਾਨਾਂ ਵਲੋਂ ਇਸ ਦਾ 26-28 ਕੁਇੰਟਲ ਪ੍ਰਤੀ ਏਕੜ ਝਾੜ ਰਿਕਾਰਡ ਕੀਤਾ ਗਿਆ ਸੀ ਅਤੇ ਕਈ ਥਾਵਾਂ 'ਤੇ ਇਸ ਤੋਂ ਵਧੇਰੇ ਝਾੜ ਪ੍ਰਾਪਤ ਕੀਤਾ ਗਿਆ ਸੀ।

ਇਸ ਕਿਸਮ ਵਿੱਚ ਪੀਲੀ ਅਤੇ ਭੂਰੀ ਕੁੰਗੀ ਨਾਲ ਟਾਕਰਾ ਕਰਨ ਦੀ ਦਰਮਿਆਨੀ ਸਮਰੱਥਾ ਹੈ। ਪੀ ਬੀ ਡਬਲਯੂ 826 ਦੇ ਬੀਜ ਦੀ ਬਹੁਤ ਜ਼ਿਆਦਾ ਮੰਗ ਹੈ ਜਿਸ ਕਰਕੇ ਇਸ ਕਿਸਮ ਹੇਠਾਂ ਹੋਰ ਰਕਬਾ ਵੱਧਣ ਦੀ ਉਮੀਦ ਹੈ।

**ਇਸ ਕਿਸਮ ਦਾ ਬੀਜ 26-27 ਸਤੰਬਰ ਨੂੰ ਪੀ. ਏ. ਯੂ. ਦੇ ਕਿਸਾਨ ਮੇਲੇ ਉੱਤੇ ਕਿਸਾਨਾਂ ਨੂੰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਕ੍ਰਿਸ਼ੀ ਵਿਗਿਆਨ ਕੇਂਦਰਾਂ ਤੋਂ ਵੀ ਇਸ ਬੀਜ ਨੂੰ ਹਾਸਲ ਕੀਤਾ ਜਾ ਸਕਦਾ ਹੈ।**


## ਪੀ.ਏ.ਯੂ. ਕਿਸਾਨ ਮੇਲੇ 'ਤੇ ਕਿਸਾਨ ਵੀਰਾਂ ਦਾ ਸਵਾਗਤ



## ਖੇਤੀ ਦੁਨੀਆਂ ਦੇ ਮੈਂਬਰ ਬਣਨ 'ਤੇ

## ਡਾਕ ਰਾਹੀਂ ਪ੍ਰਾਪਤ ਕਰਨ 'ਤੇ ਵਿਸ਼ੇਸ਼ ਛੂਟ

ਇੱਕ ਸਾਲ 300/- ਰੁਪਏ

ਦੋ ਸਾਲ 500/- ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ ਦੇ ਮੈਂਬਰ ਬਣਨ / ਐਡਵਰਟਾਈਜ਼ਮੈਂਟ ਲਈ ਮਿਲੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575

**ਪੰਜਾਬ ਵਿੱਚ ਤਕਰੀਬਨ 9.0 ਲੱਖ ਹੈਕਟੇਅਰ ਰਕਬੇ ਹੇਠ ਹਰੇ ਚਾਰੇ ਦੀ ਕਾਸ਼ਤ ਕੀਤੀ ਜਾਂਦੀ ਹੈ ਜਿਸ ਤੋਂ ਲਗਭਗ 716 ਲੱਖ ਟਨ ਸਾਲਾਨਾ ਪੈਦਾਵਾਰ ਹੁੰਦੀ ਹੈ। ਸੂਬੇ ਵਿੱਚ ਹਰੇ ਚਾਰੇ ਦੀ ਮੌਜੂਦਾ ਪੈਦਾਵਾਰ ਅਨੁਸਾਰ ਇੱਕ ਪਸ਼ੂ ਨੂੰ ਪ੍ਰਤੀ ਦਿਨ ਤਕਰੀਬਨ 30 ਕਿਲੋ ਹਰਾ ਚਾਰਾ ਮਿਲਦਾ ਹੈ ਜਦਕਿ ਮਾਹਰਾਂ ਅਨੁਸਾਰ ਪਸ਼ੂਆਂ ਦੀ ਸਿਹਤ ਨੂੰ ਠੀਕ ਰੱਖਣ ਲਈ ਸਾਰਾ ਸਾਲ 40-50 ਕਿਲੋ ਹਰਾ ਚਾਰਾ ਪ੍ਰਤੀ ਪਸ਼ੂ ਪ੍ਰਤੀ ਦਿਨ ਮਿਲਣਾ ਚਾਹੀਦਾ ਹੈ। ਇਸ ਲਈ ਚਾਰੇ ਵਾਲੀਆਂ ਫ਼ਸਲਾਂ ਦਾ ਉਤਪਾਦਨ ਵਧਾਉਣ ਦੀ ਲੋੜ ਹੈ। ਕਿਸਾਨ ਵੀਰ ਹੇਠ ਲਿਖੇ ਨੁਕਤੇ ਅਪਨਾ ਕੇ ਹਰੇ ਚਾਰਿਆਂ ਦੀਆਂ ਫ਼ਸਲਾਂ ਤੋਂ ਵੱਧ ਝਾੜ ਅਤੇ ਗੁਣਵੱਤਾ ਭਰਪੂਰ ਚਾਰਾ ਲੈ ਸਕਦੇ ਹਨ।**

### ਹਾੜ੍ਹੀ ਰੁੱਤ ਵਿੱਚ

# ਹਰੇ ਚਾਰਿਆਂ ਦੀ ਭਰਪੂਰ ਕਾਸ਼ਤ ਕਰੋ

**ਦਵਿੰਦਰਪਾਲ ਸਿੰਘ, ਰਬਿੰਦਰ ਸਿੰਘ ਸੋਹੂ, ਰਣਜੀਤ ਸਿੰਘ,**
ਚਾਰਾ ਅਤੇ ਮਿਲਟ ਸੈਕਸ਼ਨ, ਪੀ. ਏ. ਯੂ., ਲੁਧਿਆਣਾ (ਮੋ. 98763-75167)

## ਫਲੀਦਾਰ ਚਾਰੇ

**ਬਰਸੀਮ** : ਬੀ ਐੱਲ 10, ਬੀ ਐੱਲ 42 ਅਤੇ ਬੀ ਐੱਲ 43, ਬੀ ਐੱਲ 44 ਬਰਸੀਮ ਦੀਆਂ ਸੁਧਰੀਆਂ ਕਿਸਮਾਂ ਹਨ, ਜਿਨ੍ਹਾਂ ਦਾ ਔਸਤਨ ਝਾੜ



ਕ੍ਰਮਵਾਰ 410, 440, 390 ਅਤੇ 395 ਕੁਇੰਟਲ ਪ੍ਰਤੀ ਏਕੜ ਹੈ। ਬੀ ਐੱਲ 10 ਇੱਕ ਲੰਮਾਂ ਸਮਾਂ ਲੈਣ ਵਾਲੀ ਕਿਸਮ ਹੈ ਅਤੇ ਬੀ ਐੱਲ 42 ਅਤੇ ਬੀ ਐੱਲ 43 ਚਾਰੇ ਦੀਆਂ ਗੁਣਵੱਤਾ ਪੱਖੋਂ ਵਧੀਆ ਕਿਸਮਾਂ ਹਨ ਜੋ ਕਿ ਜੂਨ ਦੇ ਪਹਿਲੇ ਹਫ਼ਤੇ ਤੱਕ ਹਰਾ ਚਾਰਾ ਦਿੰਦੀਆਂ ਹਨ। ਬਰਸੀਮ ਦੀ ਬਿਜਾਈ ਸਤੰਬਰ ਦੇ ਆਖਰੀ ਹਫ਼ਤੇ ਤੋਂ ਲੈ ਕੇ ਅਕਤੂਬਰ ਦੇ ਪਹਿਲੇ ਹਫ਼ਤੇ ਤੱਕ ਕੀਤੀ ਜਾ ਸਕਦੀ ਹੈ ਅਤੇ ਬਿਜਾਈ ਲਈ ਪ੍ਰਤੀ ਏਕੜ 8-10 ਕਿਲੋ ਬੀਜ ਕਾਫ਼ੀ ਹੈ। ਗੁਣਵੱਤਾ ਭਰਪੂਰ ਚਾਰਾ ਲੈਣ ਲਈ, ਬਰਸੀਮ ਦੇ ਬੀਜ ਨੂੰ 750 ਗ੍ਰਾਮ ਸਰ੍ਹੋਂ ਜਾਂ 12 ਕਿਲੋ ਜਵੀ ਜਾਂ 2-3 ਕਿਲੋ ਰਾਈ ਘਾਹ ਦੇ ਬੀਜ ਵਿੱਚ ਮਿਲਾ ਕੇ ਬੀਜੋ। ਬਿਜਾਈ ਤੋਂ ਪਹਿਲਾਂ, ਬਰਸੀਮ ਦੇ ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ ਚਾਹੀਦਾ ਹੈ, ਜਿਸ ਲਈ ਇੱਕ ਏਕੜ ਦੇ ਬੀਜ ਨੂੰ ਪਾਣੀ ਵਿੱਚ ਭਿਉਂ ਲਉ। ਟੀਕੇ ਦਾ ਇੱਕ ਪੈਕਟ ਇਸ ਭਿੱਜੇ ਹੋਏ ਬੀਜ ਨਾਲ ਚੰਗੀ ਤਰ੍ਹਾਂ ਰਲਾ ਲਓ ਅਤੇ ਉਸੇ ਦਿਨ ਸਮੇਂ ਵੇਲੇ ਛੱਟਾ ਖੜ੍ਹੇ ਪਾਣੀ ਵਿੱਚ ਦਿਓ ਤਾਂ ਜੋ ਸੂਰਜ ਦੀ ਧੁੱਪ ਨਾਲ ਟੀਕੇ ਦਾ ਅਸਰ ਜਾਇਆ ਨਾ ਹੋ ਜਾਏ। ਬਿਜਾਈ ਸਮੇਂ 6 ਟਨ ਰੂੜ੍ਹੀ ਦੀ ਖਾਦ ਅਤੇ 20 ਕਿਲੋ ਫਾਸਫੋਰਸ ਤੱਤ (125 ਕਿਲੋ ਸੁਪਰਫਾਸਫੇਟ) ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ। ਜੇਕਰ ਦੇਸੀ ਰੂੜ੍ਹੀ ਦੀ ਵਰਤੋਂ ਨਾ ਕੀਤੀ ਗਈ ਹੋਵੇ ਤਾਂ 10 ਕਿਲੋ ਨਾਈਟ੍ਰੋਜਨ ਤੱਤ (22 ਕਿਲੋ ਯੂਰੀਆ) ਅਤੇ 30 ਕਿਲੋ ਫਾਸਫੋਰਸ ਤੱਤ (15 ਕਿਲੋ ਸੁਪਰਫਾਸਫੇਟ) ਪ੍ਰਤੀ ਏਕੜ ਵਰਤੋਂ। ਜਿੱਥੇ ਬਰਸੀਮ ਵਿੱਚ ਰਾਈ ਘਾਹ ਮਿਲਾ ਕੇ ਬੀਜਿਆ ਹੋਵੇ, 10 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ (22 ਕਿਲੋ ਯੂਰੀਆ ਖਾਦ) ਹਰ ਕਟਾਈ ਮਗਰੋਂ ਪਾਉ।

ਮੈਗਨੀਜ਼ ਦੀ ਘਾਟ ਆਮ ਤੌਰ ਤੇ ਹਲਕੀਆਂ ਰੇਤਲੀਆਂ ਜ਼ਮੀਨਾਂ ਵਿੱਚ ਆਉਂਦੀ ਹੈ, ਜਿੱਥੇ ਬਰਸੀਮ ਝੋਨੇ ਪਿੱਛੋਂ ਬੀਜਿਆ ਜਾਵੇ। ਇਸ ਲਈ 0.5% ਮੈਗਨੀਜ਼ ਸਲਫੇਟ (ਇਕ ਕਿਲੋ ਮੈਗਨੀਜ਼ ਸਲਫੇਟ 200 ਲਿਟਰ ਪਾਣੀ ਵਿੱਚ) ਦਾ ਘੋਲ ਧੁੱਪ ਵਾਲੇ ਦਿਨ ਹਫ਼ਤੇ ਦੇ ਫ਼ਰਕ ਨਾਲ ਦੋ ਤਿੰਨ ਵਾਰ ਛਿੜਕੋ। ਇਹ ਛਿੜਕਾਅ ਕਟਾਈ ਕਰਨ ਤੋਂ 2 ਹਫ਼ਤੇ ਬਾਅਦ ਕਰੋ।

ਜਿਨ੍ਹਾਂ ਖੇਤਾਂ ਵਿੱਚ ਇਟਸਿੱਟ ਦੀ ਸਮੱਸਿਆ ਹੋਵੇ ਉੱਥੇ ਬਰਸੀਮ ਵਿੱਚ ਰਾਇਆ ਰਲਾ ਕੇ ਬੀਜੋ। ਰਾਇਆ ਦੀ ਫ਼ਸਲ ਛੇਤੀ ਵੱਧਦੀ ਹੈ ਅਤੇ ਇਹ ਨਦੀਨਾਂ ਨੂੰ ਦੱਬ ਲੈਂਦੀ ਹੈ। ਜਿੱਥੇ ਇਸ ਨਦੀਨ ਦੀ ਸਮੱਸਿਆ ਵਧੇਰੇ ਹੋਵੇ ਉੱਥੇ ਬਿਜਾਈ ਅਕਤੂਬਰ ਦੇ ਦੂਜੇ ਹਫ਼ਤੇ ਤੱਕ ਪਛੇਤੀ ਕਰੋ ਕਿਉਂਕਿ ਉਸ ਵੇਲੇ ਤਾਪਮਾਨ ਘਟਣ ਕਾਰਨ ਇਹ ਨਦੀਨ ਘੱਟ ਉੱਗਦਾ ਹੈ।

ਪਹਿਲਾ ਪਾਣੀ ਹਲਕੀਆਂ ਜ਼ਮੀਨਾਂ ਵਿੱਚ 3-5 ਦਿਨਾਂ ਪਿੱਛੋਂ ਅਤੇ ਭਾਰੀਆਂ ਜ਼ਮੀਨਾਂ ਵਿੱਚ 6-8 ਦਿਨਾਂ ਪਿੱਛੋਂ ਦੇਣਾ ਜ਼ਰੂਰੀ ਹੈ। ਇਸ ਤੋਂ ਬਾਅਦ ਵਾਲੇ ਪਾਣੀ ਗਰਮੀਆਂ ਵਿੱਚ 8-10 ਦਿਨਾਂ ਪਿੱਛੋਂ ਅਤੇ ਸਰਦੀਆਂ ਵਿੱਚ 10-15 ਦਿਨਾਂ ਪਿੱਛੋਂ ਜ਼ਮੀਨ ਅਤੇ ਮੌਸਮ ਅਨੁਸਾਰ ਦਿੰਦੇ ਰਹਿਣਾ ਚਾਹੀਦਾ ਹੈ।

ਬਰਸੀਮ ਦਾ ਪਹਿਲਾਂ ਲੌਅ ਬਿਜਾਈ ਤੋਂ ਤਕਰੀਬਨ 50 ਦਿਨਾਂ ਪਿੱਛੋਂ ਤਿਆਰ ਹੋ ਜਾਂਦਾ ਹੈ ਅਤੇ ਉਸ ਪਿੱਛੋਂ ਸਰਦੀਆਂ ਵਿੱਚ 40 ਦਿਨਾਂ ਪਿੱਛੋਂ ਅਤੇ ਬਾਅਦ ਵਿੱਚ 30 ਦਿਨਾਂ ਦੇ ਵਕਫੇ ਤੇ ਲੌਅ ਲਏ ਜਾ ਸਕਦੇ ਹਨ। ਬਰਸੀਮ ਦਾ ਮਾਰਚ ਅਤੇ ਅਪ੍ਰੈਲ ਵਿੱਚ ਬਹੁਤ ਵਾਧਾ ਹੁੰਦਾ ਹੈ, ਇਸ ਸਮੇਂ ਬਰਸੀਮ ਦੇ ਵਾਧੂ ਚਾਰੇ ਨੂੰ ਸੁਕਾ ਕੇ (ਹੇਅ ਬਣਾ ਕੇ) ਸਟੋਰ ਕੀਤਾ ਜਾ ਸਕਦਾ ਹੈ, ਜੋ ਹਰੇ ਚਾਰੇ ਦੀ ਘਾਟ ਵੇਲੇ (ਮਈ, ਜੂਨ) ਵਿੱਚ ਪਸ਼ੂਆਂ ਨੂੰ ਖਵਾਇਆ ਜਾ ਸਕਦਾ ਹੈ।

ਬਰਸੀਮ ਵਿੱਚ ਤਣੇ ਦਾ ਗਲਣਾ ਇੱਕ ਅਜਿਹਾ ਅਹਿਮ ਰੋਗ ਹੈ ਜੋ ਇੱਕ ਉੱਲੀ ਕਰਕੇ ਹੁੰਦਾ ਹੈ ਜਿਹੜੀ ਜ਼ਮੀਨ ਵਿੱਚੋਂ ਤਣੇ ਦੇ ਹੇਠਲੇ ਹਿੱਸੇ ਉੱਤੇ ਹਮਲਾ ਕਰਦੀ ਹੈ ਜਿਸ ਕਾਰਨ ਤਣਾ ਗਲ ਜਾਂਦਾ ਹੈ। ਇਹ ਬਿਮਾਰੀ ਬੀਜ ਅਤੇ ਮਿੱਟੀ ਰਾਹੀਂ ਫੈਲਦੀ ਹੈ ਜਿਸ ਲਈ ਬਰਸੀਮ ਦਾ ਬੀਜ ਬਿਮਾਰੀ ਰਹਿਤ ਫ਼ਸਲ ਤੋਂ ਹੀ ਲੈਣਾ ਚਾਹੀਦਾ ਹੈ। ਬਿਮਾਰੀ ਵਾਲੇ ਖੇਤ ਨੂੰ ਗਰਮੀਆਂ ਵਿੱਚ ਭਰਵਾਂ ਪਾਣੀ ਦੇਣਾ ਚਾਹੀਦਾ ਹੈ ਤਾਂ ਕਿ ਜ਼ਮੀਨ ਵਿੱਚ ਉੱਲੀ ਦੇ ਕਣ ਨਸ਼ਟ ਹੋ ਜਾਣ। ਜੇਕਰ ਫਿਰ ਵੀ ਫ਼ਸਲ ਨੂੰ ਬਿਮਾਰੀ ਲੱਗ ਜਾਵੇ ਤਾਂ ਫ਼ਸਲ ਨੂੰ ਛੇਤੀ ਕੱਟੋ ਅਤੇ ਕੱਟਣ ਪਿੱਛੋਂ ਖੇਤ ਨੂੰ ਧੁੱਪ ਲੱਗਣ ਦਿਓ। ਬੁਰੀ ਤਰ੍ਹਾਂ ਬਿਮਾਰੀ ਵਾਲੇ ਖੇਤ ਵਿੱਚ ਤਿੰਨ ਚਾਰ ਸਾਲ ਬਰਸੀਮ ਦੀ ਫ਼ਸਲ ਨਾ ਬੀਜੋ।

**ਸ਼ਫਤਲ** : ਸ਼ਫਤਲ ਦੀ ਸੁਧਰੀ ਕਿਸਮ ਸ਼ਫਤਲ 69 ਹੈ, ਜਿਸ ਦੇ ਹਰੇ ਚਾਰੇ ਦਾ ਝਾੜ 390 ਕੁਇੰਟਲ ਪ੍ਰਤੀ ਏਕੜ ਹੈ। ਸ਼ਫਤਲ ਦੀ ਬਿਜਾਈ ਦਾ ਢੁਕਵਾਂ ਸਮਾਂ ਸਤੰਬਰ ਦੇ ਆਖਰੀ ਹਫ਼ਤੇ ਤੋਂ ਅਕਤੂਬਰ ਦਾ ਪਹਿਲਾ ਹਫ਼ਤਾ ਹੈ। ਸ਼ਫਤਲ ਦੀ ਬਿਜਾਈ ਲਈ 4-5 ਕਿਲੋ ਬੀਜ ਪ੍ਰਤੀ ਏਕੜ ਵਰਤੋਂ। ਬਿਜਾਈ ਖੜ੍ਹੇ ਪਾਣੀ ਵਿੱਚ ਛੱਟਾ ਦੇ ਕੇ ਕੀਤੀ ਜਾ ਸਕਦੀ ਹੈ ਜਾਂ ਫਿਰ ਸੁੱਕੀ ਜ਼ਮੀਨ ਵਿੱਚ ਚੰਗੀ ਤਰ੍ਹਾਂ ਤਿਆਰੀ ਕਰਕੇ, ਬੀਜ ਦਾ



ਛੱਟਾ ਦਿਓ, ਬਾਅਦ ਵਿੱਚ ਰੇਕ ਨਾਲ ਬੀਜ ਰਲਾਓ ਅਤੇ ਮਗਰੋਂ ਉਸੇ ਵਕਤ ਪਾਣੀ ਦਿਓ। ਵਧੇਰੇ ਅਤੇ ਚੰਗਾ ਚਾਰਾ ਲੈਣ ਲਈ ਸ਼ਫਤਲ ਨੂੰ ਸਰ੍ਹੋਂ (750 ਗ੍ਰਾਮ), ਜਵੀ (12 ਕਿਲੋ) ਜਾਂ ਰਾਈ ਘਾਹ (2-3 ਕਿਲੋ) ਪ੍ਰਤੀ ਏਕੜ ਵਿੱਚ ਰਲਾ ਕੇ ਬੀਜਿਆ ਜਾ ਸਕਦਾ ਹੈ। ਜੇ ਸ਼ਫਤਲ ਵਿੱਚ ਰਾਈ ਘਾਹ ਬੀਜਿਆ ਗਿਆ ਹੋਵੇ, ਉਨ੍ਹਾਂ ਖੇਤਾਂ ਵਿੱਚ ਹਰ ਲੌਅ ਪਿੱਛੋਂ 5 ਕਿਲੋ ਨਾਈਟ੍ਰੋਜਨ (11 ਕਿਲੋ ਯੂਰੀਆ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਪਹਿਲਾ ਪਾਣੀ ਬਿਜਾਈ ਤੋਂ 6 ਤੋਂ 8 ਦਿਨਾਂ ਪਿੱਛੋਂ ਲਾਓ ਅਤੇ ਅਗਲਾ ਪਾਣੀ ਗਰਮੀਆਂ ਵਿੱਚ 8-10 ਦਿਨਾਂ ਪਿੱਛੋਂ ਅਤੇ ਸਰਦੀਆਂ ਵਿੱਚ 10-15 ਦਿਨਾਂ ਪਿੱਛੋਂ ਲਾਓ। ਸ਼ਫਤਲ ਦੀ ਪਹਿਲੀ ਕਟਾਈ, ਬਿਜਾਈ ਤੋਂ 55 ਦਿਨਾਂ ਦੇ ਪਿੱਛੋਂ ਅਤੇ ਅਗਲੀਆਂ ਕਟਾਈਆਂ 30 ਦਿਨਾਂ ਦੇ ਵਕਫੇ ਤੇ ਲਓ। ਸ਼ਫਤਲ ਦੇ ਚਾਰੇ ਨੂੰ ਤੂੜੀ ਨਾਲ (1:1) ਦੇ ਅਨੁਪਾਤ ਨਾਲ ਮਿਲਾ ਕੇ ਪਸ਼ੂਆਂ ਨੂੰ ਖਿਲਾਉਣਾ ਚਾਹੀਦਾ ਹੈ।

**ਲੂਸਣ** : ਐੱਲ.ਐੱਲ. ਕੰਪਜਿਟ-5, ਲੂਸਣ ਦੀ ਇੱਕ ਸਿੱਧੀ ਅਤੇ ਛੇਤੀ ਵਧਣ ਵਾਲੀ ਕਿਸਮ ਹੈ, ਜਿਸ ਦੇ ਲੌਅ ਜੁਲਾਈ ਦੇ ਪਹਿਲੇ ਹਫ਼ਤੇ ਤੱਕ ਲਏ ਜਾ ਸਕਦੇ ਹਨ ਅਤੇ ਇਹ ਪ੍ਰਤੀ ਏਕੜ 280 ਕੁਇੰਟਲ ਚਾਰਾ ਦਿੰਦੀ ਹੈ। ਲੂਸਣ ਦੀ ਬਿਜਾਈ ਲਈ ਅੱਧ ਅਕਤੂਬਰ ਸਭ ਤੋਂ ਚੰਗਾ ਸਮਾਂ ਹੈ। ਬਿਜਾਈ ਲਈ 6-8 ਕਿਲੋ ਬੀਜ ਨੂੰ ਡਰਿਲ ਨਾਲ ਬੀਜੋ। ਲਾਈਨਾਂ ਵਿਚਕਾਰ ਫਾਸਲਾ 30 ਸੈਂਟੀਮੀਟਰ ਰੱਖੋ ਅਤੇ ਬੀਜ ਚੰਗੀ ਵੱਤਰ ਵਿੱਚ 2-4 ਸੈਂਟੀਮੀਟਰ ਵਿੱਚ ਡੂੰਘਾ ਬੀਜੋ। ਖੇਤ ਵਿੱਚ 10 ਕਿਲੋ ਨਾਈਟ੍ਰੋਜਨ (22 ਕਿਲੋ ਯੂਰੀਆ) ਅਤੇ 32 ਕਿਲੋ ਫਾਸਫੋਰਸ (2 ਕੁਇੰਟਲ ਸੁਪਰ ਫਾਸਫੇਟ) ਪ੍ਰਤੀ ਏਕੜ ਬਿਜਾਈ ਸਮੇਂ ਪਾਓ। ਲੂਸਣ ਦੇ ਬੀਜ ਦੀ ਬਿਜਾਈ ਸਮੇਂ ਰਾਈਜ਼ੋਬੀਅਮ ਦੇ ਟੀਕੇ ਨਾਲ ਸੋਧ ਕਰੋ, ਇਸ ਨਾਲ ਖੇਤ ਵਿੱਚੋਂ ਵੱਧ ਚਾਰਾ ਮਿਲਦਾ ਹੈ ਜੋ ਪੌਸ਼ਟਿਕ ਵੀ ਹੁੰਦਾ ਹੈ। ਲੂਸਣ ਵਿੱਚ ਅਮਰ ਬੇਲ ਦੀ ਵੀ ਬਹੁਤ ਸਮੱਸਿਆ ਹੁੰਦੀ ਹੈ ਜੋ ਖੇਤ ਵਿੱਚ ਧੋੜੀਆਂ ਵਿੱਚ ਦਿਸਦੀ ਹੈ। ਇਸ ਲਈ ਬਿਮਾਰੀ ਵਾਲੇ ਬੂਟਿਆਂ ਨੂੰ ਸੁਕਾ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ।

ਪਹਿਲਾ ਪਾਣੀ ਬਿਜਾਈ ਤੋਂ 1 ਮਹੀਨੇ ਪਿੱਛੋਂ ਦੇਣਾ ਚਾਹੀਦਾ ਹੈ ਪਰ ਇਸ ਤੋਂ ਬਾਅਦ ਵਾਲੇ ਪਾਣੀ 15-30 ਦਿਨਾਂ ਦੇ ਵਕਫੇ ਤੇ ਮੌਸਮ ਅਨੁਸਾਰ ਦਿੰਦੇ ਰਹਿਣਾ ਚਾਹੀਦਾ ਹੈ। ਫ਼ਸਲ ਬਿਜਾਈ ਤੋਂ 75 ਦਿਨਾਂ ਬਾਅਦ ਪਹਿਲੀ ਕਟਾਈ ਲਈ ਤਿਆਰ ਹੋ ਜਾਂਦੀ ਹੈ ਅਤੇ ਬਾਕੀ ਲੌਅ 30 ਤੋਂ 40 ਦਿਨਾਂ ਦੇ ਵਕਫੇ ਤੇ ਲਏ ਜਾ ਸਕਦੇ ਹਨ।

**ਸੇਂਜੀ** : ਸੇਂਜੀ ਦੀ ਕਿਸਮ ਵਾਈ. ਐੱਸ. ਐੱਲ.-106, ਪੀਲੇ ਫੁੱਲਾਂ ਵਾਲੀ ਕਿਸਮ ਹੈ ਜਿਸ ਦੀ ਬਿਜਾਈ ਅਖੀਰ



ਸਤੰਬਰ ਤੋਂ ਲੈ ਕੇ ਅਖੀਰ ਅਕਤੂਬਰ ਤੱਕ ਹੋ ਸਕਦੀ ਹੈ। ਇਸ ਨੂੰ ਨਰਮੇ ਅਤੇ ਮੱਕੀ ਦੀਆਂ ਖੜੀਆਂ ਫ਼ਸਲਾਂ ਦੇ ਵਿੱਚ ਸਤੰਬਰ ਦੇ ਦੂਜੇ ਅਤੇ ਤੀਜੇ ਹਫ਼ਤੇ ਵਿੱਚ ਵੀ ਬੀਜਿਆ ਜਾ ਸਕਦਾ ਹੈ। ਸੇਂਜੀ ਦੀ ਦੂਜੀ ਕਿਸਮ ਸੇਂਜੀ ਸਫੇਦ 76, ਚਿੱਟੇ ਫੁੱਲਾਂ ਵਾਲੀ ਕਿਸਮ ਹੈ ਜਿਸ ਨੂੰ ਨਵੰਬਰ ਦੇ ਦੂਜੇ ਪੰਦਰਵਾੜੇ ਵਿੱਚ ਬੀਜਿਆ ਜਾ ਸਕਦਾ ਹੈ। ਸੇਂਜੀ ਦੀਆਂ ਦੋਵੇਂ ਕਿਸਮਾਂ ਦਾ ਝਾੜ 128 ਕੁਇੰਟਲ ਪ੍ਰਤੀ ਏਕੜ ਹੈ। ਇੱਕ ਏਕੜ ਦੀ ਬਿਜਾਈ ਲਈ ਸੇਂਜੀ ਦਾ 15 ਕਿਲੋ ਬੀਜ ਵਰਤੋਂ। ਸੇਂਜੀ ਛੱਟੇ ਨਾਲ ਬੀਜ ਕੇ ਮਿੱਟੀ ਵਿੱਚ ਰਲਾ ਦਿਓ ਅਤੇ ਖੇਤ ਨੂੰ ਪਾਣੀ ਲਾ ਦਿਓ। ਸੇਂਜੀ ਵਾਸਤੇ 2-3 ਪਾਣੀ ਕਾਫ਼ੀ ਹੁੰਦੇ ਹਨ ਬਿਜਾਈ ਸਮੇਂ 25 ਕਿਲੋ ਫਾਸਫੋਰਸ (155 ਕਿਲੋ ਸੁਪਰਫਾਸਫੇਟ) ਪਾਓ। ਜਦੋਂ ਫ਼ਸਲ ਨੂੰ ਫੁੱਲ ਪੈ ਜਾਣ ਤਾਂ ਚਾਰੇ ਲਈ ਕੱਟ ਲਓ।

## ਗੈਰ ਫਲੀਦਾਰ ਚਾਰੇ

**ਜਵੀ** : ਓ. ਐੱਲ.-16 ਜਵੀ ਦੀ ਇੱਕ ਨਵੀਂ ਕਿਸਮ ਹੈ ਜੋ ਪੰਜਾਬ ਦੇ ਸੇਂਜੂ ਇਲਾਕਿਆਂ ਵਿੱਚ ਬੀਜੀ ਜਾ ਸਕਦੀ ਹੈ। ਇਹ ਕਿਸਮ ਬਿਜਾਈ ਤੋਂ 65-70 ਦਿਨਾਂ ਬਾਅਦ ਪਹਿਲੀ ਕਟਾਈ ਵਿੱਚ ਔਸਤ 90.2 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਅਤੇ ਫੋਟ ਪੈਣ ਉਪਰੰਤ ਪੱਕਣ ਤੇ ਔਸਤ 7.6 ਕੁਇੰਟਲ ਪ੍ਰਤੀ ਏਕੜ ਦਾਣਿਆਂ ਦੀ ਝਾੜ ਦਿੰਦੀ ਹੈ। ਇਸ ਦੇ ਹਰੇ ਚਾਰੇ, ਦਾਣਿਆਂ ਅਤੇ ਆਟੇ ਵਿੱਚ ਖੁਰਾਕੀ ਤੱਤ ਵਧੇਰੇ ਹੁੰਦੇ ਹਨ। ਇਸ ਤੋਂ ਇਲਾਵਾ ਜਵੀ ਦੀਆਂ ਇੱਕ ਕਟਾਈ ਦੇਣ ਵਾਲੀਆਂ ਸੁਧਰੀਆਂ ਕਿਸਮਾਂ ਓ ਐੱਲ 11, ਓ ਐੱਲ 12, ਓ ਐੱਲ 13 ਅਤੇ ਓ ਐੱਲ 15 ਤੋਂ ਕਿਸਾਨ ਵੀਰ ਕ੍ਰਮਵਾਰ 245, 258, 305 ਅਤੇ 319 ਕੁਇੰਟਲ ਤੱਕ ਹਰਾ ਚਾਰਾ ਪ੍ਰਤੀ ਏਕੜ ਲੈ ਸਕਦੇ ਹਨ। ਇਸੇ ਤਰ੍ਹਾਂ 1 ਜਾਂ 2 ਕਟਾਈਆਂ ਦੇਣ ਵਾਲੀਆਂ ਕਿਸਮਾਂ ਓ ਐੱਲ 10, ਓ ਐੱਲ 14 ਅਤੇ ਕੈਂਟ ਕ੍ਰਮਵਾਰ 210, 275 ਅਤੇ 280 ਕੁਇੰਟਲ ਹਰਾ ਚਾਰਾ ਦਿੰਦੀਆਂ ਹਨ। ਜਵੀ ਦੀ ਬਿਜਾਈ ਦਾ ਢੁੱਕਵਾਂ ਸਮਾਂ ਅਕਤੂਬਰ ਦੇ ਦੂਜੇ ਤੋਂ ਅਖੀਰਲੇ ਹਫ਼ਤੇ ਤੱਕ ਹੈ ਬਿਜਾਈ ਲਈ ਕਿਸਾਨ ਵੀਰ 25 ਕਿਲੋ ਬੀਜ ਪ੍ਰਤੀ ਏਕੜ ਵਰਤ ਸਕਦੇ ਹਨ। ਜਿਸ ਦਾ ਸਿਆੜਾਂ ਵਿੱਚ ਕੇਰਾ ਕੀਤਾ ਜਾ ਸਕਦਾ ਹੈ। ਸਿਆੜਾਂ ਵਿੱਚ ਫਾਸਲਾ 20 ਸੈਂਟੀਮੀਟਰ ਹੋਣਾ ਚਾਹੀਦਾ ਹੈ। ਖੇਤ ਵਿੱਚ ਬਿਜਾਈ ਦੋ ਪਾਸੇ ਕਰਨ ਨਾਲ 10-15 ਪ੍ਰਤੀਸ਼ਤ ਵੱਧ ਝਾੜ ਲਿਆ ਜਾ ਸਕਦਾ ਹੈ। ਜਵੀ ਦੀ ਬਿਜਾਈ ਬਾਸਮਤੀ ਤੋਂ ਬਾਅਦ ਬਿਨਾਂ ਵਾਹੇ ਜ਼ੀਰੋ ਟਿੱਲ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ। ਜਵੀ ਦੀ ਇੱਕ ਕਟਾਈ ਲੈਣ ਲਈ 15 ਕਿਲੋ ਨਾਈਟ੍ਰੋਜਨ (33 ਕਿਲੋ ਯੂਰੀਆ) ਅਤੇ 8 ਕਿਲੋ ਫਾਸਫੋਰਸ (50 ਕਿਲੋ ਸਿੰਗਲ ਸੁਪਰ ਫਾਸਫੇਟ) ਪ੍ਰਤੀ ਏਕੜ ਬੀਜਣ ਸਮੇਂ ਪਾਉਣਾ ਚਾਹੀਦਾ ਹੈ। ਬਿਜਾਈ ਤੋਂ 30-40 ਦਿਨਾਂ ਬਾਅਦ 15 ਕਿਲੋ ਨਾਈਟ੍ਰੋਜਨ (33 ਕਿਲੋ ਯੂਰੀਆ) ਹੋਰ ਪਾਓ। ਦੋ ਲੌਅ ਦੇਣ ਵਾਲੇ ਜਵੀ ਦੀ ਪਹਿਲੀ ਕਟਾਈ ਨੂੰ ਇੱਕ ਕਟਾਈ ਵਾਸਤੇ ਸਿਫਾਰਿਸ਼ ਕੀਤੀਆਂ ਖਾਦਾਂ ਪਾਓ। ਦੂਜੀ ਕਟਾਈ ਲੈਣ ਲਈ 20 ਕਿਲੋ ਨਾਈਟ੍ਰੋਜਨ (44 ਕਿਲੋ ਯੂਰੀਆ) ਪ੍ਰਤੀ ਏਕੜ ਜਵੀ ਦੇ ਫੁਟਾਰੇ ਤੋਂ ਬਾਅਦ ਪਾਓ। ਖੇਤ ਵਿੱਚ ਜ਼ਿਆਦਾ ਨਾਈਟ੍ਰੋਜਨ ਖਾਦ ਪਾਉਣ ਨਾਲ ਚਾਰੇ ਵਿੱਚ ਨਾਈਟ੍ਰੇਟ ਤੱਤ ਦਾ ਵਾਧਾ ਹੁੰਦਾ ਹੈ, ਜਿਹੜਾ ਪਸ਼ੂਆਂ ਵਾਸਤੇ ਬਹੁਤ ਨੁਕਸਾਨਦੇਹ ਹੈ। ਜਵੀ ਨੂੰ 3-4 ਹਫ਼ਤਿਆਂ ਦੇ ਵਕਫੇ ਤੇ ਪਾਣੀ ਲਾਉਣਾ ਚਾਹੀਦਾ ਹੈ ਅਤੇ ਰੌਣੀ ਸਮੇਤ ਕੁੱਲ 3-4 ਪਾਣੀ ਕਾਫ਼ੀ ਹਨ। ਫ਼ਸਲ ਦੀ ਕਟਾਈ ਦਾ ਸਮਾਂ ਬਹੁਤ ਮਹੱਤਵਪੂਰਨ ਹੈ। ਚਾਰੇ ਦੀ ਅਗੇਤੀ ਕਟਾਈ ਨਾਲ ਚਾਰੇ ਦਾ ਝਾੜ ਘੱਟਦਾ ਹੈ ਅਤੇ ਚਾਰੇ ਵਿੱਚ ਨਾਈਟ੍ਰੇਟ ਤੱਤ ਦਾ ਵਾਧਾ ਹੁੰਦਾ ਹੈ। ਚਾਰੇ ਦੀ ਪਿਛੇਤੀ ਕਟਾਈ ਕਰਨ ਨਾਲ ਚਾਰੇ ਵਿੱਚ ਰੇਸ਼ੇ ਦੀ ਮਾਤਰਾ ਬਹੁਤ ਹੋ ਜਾਂਦੀ ਹੈ

ਬਾਕੀ ਸਫਾ 14 'ਤੇ

# ਆਲੂ ਦਾ ਮਿਆਰੀ ਬੀਜ ਤਿਆਰ ਕਰਨ ਲਈ ਸੀਡ ਪਲਾਂਟ ਤਕਨੀਕ ਅਪਣਾਓ



ਅਮਨਦੀਪ ਕੌਰ, ਸੁਮਨ ਕੁਮਾਰੀ ਅਤੇ ਹਰਿੰਦਰ ਸਿੰਘ
ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ (ਮੋ. 98155-76071

**ਸੀਡ ਪਲਾਂਟ ਤਕਨੀਕ ਰਾਹੀਂ ਬੀਜ ਆਲੂ ਤਿਆਰ ਕਰਨ ਦੀ ਵਿਧੀ :**

★ ਬੀਜ ਆਲੂ ਤਿਆਰ ਕਰਨ ਲਈ ਉਹ ਖੇਤ ਚੁਣੋ ਜਿਹੜਾ ਕਿ ਬਿਮਾਰੀ ਫੈਲਾਉਣ ਵਾਲੇ ਜੀਵਾਣੂ/ਉੱਲੀ ਆਦਿ ਜਿਵੇਂ ਕਿ ਖਰੀਂਢ ਰੋਗ ਅਤੇ ਆਲੂਆਂ ਦਾ ਕੋਹੜ ਆਦਿ ਤੋਂ ਰਹਿਤ ਹੋਵੇ ।

★ ਬਿਜਾਈ ਲਈ ਵਰਤਿਆ ਜਾਣ ਵਾਲਾ ਬੀਜ ਸਿਹਤਮੰਦ ਅਤੇ ਵਿਸ਼ਾਣੂ ਮੁਕਤ ਹੋਣਾ ਚਾਹੀਦਾ ਹੈ ਅਤੇ ਨਾਲ ਹੀ ਇਹ ਬੀਜ ਕਿਸੇ ਭਰੋਸੇਯੋਗ ਅਦਾਰੇ ਤੋਂ ਖਰੀਦੋ । ਕੋਲਡ ਸਟੋਰ ਤੋਂ ਆਏ ਹੋਏ ਆਲੂਆਂ ਨੂੰ ਛਾਂਟ ਕੇ ਬਿਮਾਰੀ ਵਾਲੇ ਅਤੇ ਗਲੇ-ਸੜੇ ਆਲੂਆਂ ਨੂੰ ਜ਼ਮੀਨ ਵਿੱਚ ਡੂੰਘਾ ਦਬਾ ਦਿਉ ।

★ ਕੋਲਡ ਸਟੋਰ ਤੋਂ ਲਿਆਂਦੇ ਗਏ ਆਲੂਆਂ ਨੂੰ ਤੁਰੰਤ ਨਾ ਬੀਜੋ । ਬਿਜਾਈ ਤੋਂ 10-15 ਦਿਨ ਪਹਿਲਾਂ ਆਲੂਆਂ ਨੂੰ ਕੋਲਡ ਸਟੋਰ ਤੋਂ ਬਾਹਰ ਕੱਢ ਲਓ ਅਤੇ ਬਲੋਅਰ ਆਦਿ ਜਾਂ ਛਾਂਵੇ ਰੱਖ ਕੇ ਹਵਾਦਾਰ ਥਾਂ ਤੇ ਸੁਕਾ ਲਓ ।

★ ਬਿਜਾਈ ਤੋਂ ਪਹਿਲਾਂ ਆਲੂਆਂ ਦੀ ਸੋਧ ਕਰਨੀ ਬਹੁਤ ਜ਼ਰੂਰੀ ਹੈ ਤਾਂ ਜੋ ਫ਼ਸਲ ਨੂੰ ਖਰੀਂਢ ਰੋਗ ਤੋਂ ਬਚਾਇਆ ਜਾ ਸਕੇ । ਬੀਜ ਨੂੰ ਸੋਧਣ ਲਈ ਆਲੂਆਂ ਨੂੰ 10 ਮਿੰਟ ਲਈ ਸਿਸਟੀਵਾ 80 ਮਿ.ਲਿ. ਜਾਂ 83 ਮਿ.ਲਿ. ਇਮੈਸਟੋ ਪ੍ਰਾਈਮ ਜਾਂ 250 ਮਿ.ਲਿ. ਮੋਨਸਰਨ ਨੂੰ 100 ਲੀਟਰ ਪਾਣੀ ਵਿੱਚ ਡੋਬ ਕੇ ਰੱਖੋ ।

★ ਸੋਧੇ ਹੋਏ ਆਲੂਆਂ ਨੂੰ 8-10 ਦਿਨਾਂ ਲਈ ਪਤਲੀਆਂ ਪਰਤਾਂ ਵਿੱਚ ਛਾਂਦਾਰ ਅਤੇ ਖੁਲ੍ਹੀ ਜਗ੍ਹਾ ਵਿੱਚ ਰੱਖੋ ਤਾਂ ਜੋ ਉਹ ਬਿਜਾਈ ਤੱਕ ਪੁੰਗਰ ਸਕਣ । ਪੁੰਗਰੇ ਹੋਏ ਆਲੂ ਵਰਤਣ ਨਾਲ ਫ਼ਸਲ ਦਾ ਕੰਮ ਵਧੀਆ ਅਤੇ ਇਕਸਾਰ ਹੁੰਦਾ ਹੈ, ਬੀਜ ਅਕਾਰ ਦੇ ਆਲੂ ਜ਼ਿਆਦਾ ਮਿਲਦੇ ਹਨ ਅਤੇ ਝਾੜ ਵੱਧ ਮਿਲਦਾ ਹੈ । ਫਾਉਡੇਸ਼ਨ ਬੀਜ ਤਿਆਰ ਕਰਨ ਲਈ ਘੱਟੋ-ਘੱਟ 25 ਮੀਟਰ ਜਦ ਕਿ ਪ੍ਰਮਾਣਿਤ ਬੀਜ ਲਈ 10 ਮੀਟਰ ਦੀ ਦੂਰੀ ਚਾਹੀਦੀ ਹੈ ।

★ ਫ਼ਸਲ ਦੀ ਬਿਜਾਈ ਅਕਤੂਬਰ ਦੇ ਪਹਿਲੇ ਪੰਦਰਵਾੜੇ 50×15 ਸੈਂਟੀਮੀਟਰ ਦੀ ਦੂਰੀ ਤੇ ਕਰੋ । ਮਸ਼ੀਨ ਨਾਲ ਬਿਜਾਈ ਲਈ ਇਹ ਫਾਸਲਾ 65×15 ਜਾਂ 75×15 ਸੈਂਟੀਮੀਟਰ ਰੱਖੋ । 40-50 ਗ੍ਰਾਮ ਭਾਰ ਦੇ 12-18 ਕੁਇੰਟਲ ਆਲੂ ਇੱਕ ਏਕੜ ਦੀ ਬਿਜਾਈ ਲਈ ਕਾਫ਼ੀ ਹਨ । ਇਕ ਏਕੜ ਦੀ ਫ਼ਸਲ ਦੇ ਬੀਜ ਤੋਂ 8-10 ਏਕੜ ਫ਼ਸਲ ਦੀ ਬਿਜਾਈ ਕੀਤੀ ਜਾ ਸਕਦੀ ਹੈ ।

★ ਤੇਲਾ ਜੋ ਕਿ ਵਿਸ਼ਾਣੂ ਰੋਗ ਪੋਟੈਟੋ ਵਾਇਰਸਾਂ ਨੂੰ ਫੈਲਾ ਕੇ ਬੀਜ ਦੀ ਗੁਣਵੱਤਾ ਘਟਾਉਂਦਾ ਹੈ, ਇਸ ਤੋਂ ਬਚਾਅ ਲਈ ਫ਼ਸਲ ਨੂੰ 300 ਮਿਲੀਲਿਟਰ ਮੈਟਾਸਿਸਟਾਕਸ 25 ਈ ਸੀ (ਔਕਸੀਡੈਮੀਟੋਨ ਸੀਥਾਇਲ) ਨੂੰ 80-100 ਲਿਟਰ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਮੈਟਾਸਿਸਟਾਕਸ ਦਾ ਛਿੜਕਾਅ ਕਦੇ ਵੀ ਆਲੂ ਪੁੱਟਣ ਦੇ ਤਿੰਨ ਹਫਤੇ ਦੇ ਅੰਦਰ ਨਾ ਕਰੋ ।

★ ਨਦੀਨਾਂ ਤੋਂ ਬਚਾਅ ਲਈ ਸੈਨਕੋਰ 70 ਡਬਲਯੂ ਪੀ 200 ਗ੍ਰਾਮ ਦੇ ਹਿਸਾਬ ਨਾਲ ਨਦੀਨਾਂ ਦੇ ਜੰਮ ਤੋਂ ਪਹਿਲਾਂ ਅਤੇ ਪਹਿਲੇ ਪਾਣੀ ਤੋਂ ਬਾਅਦ ਛਿੜਕਾਅ ਕਰੋ ।

★ ਬੀਜ ਵਾਲੀ ਫ਼ਸਲ ਨੂੰ ਦੂਸਰੀ ਕਿਸਮ ਦੇ ਬੂਟੇ ਅਤੇ ਬਿਮਾਰੀ ਵਾਲੇ ਬੂਟਿਆਂ ਤੋਂ ਮੁਕਤ ਰੱਖਣ ਲਈ ਫ਼ਸਲ ਦਾ ਨਿਰੀਖਣ ਕਰਨਾ ਬਹੁਤ ਜ਼ਰੂਰੀ ਹੈ, ਪਹਿਲਾਂ ਨਿਰੀਖਣ ਬਿਜਾਈ ਤੋਂ 50 ਦਿਨ ਬਾਅਦ, ਦੂਸਰਾ ਨਿਰੀਖਣ 65 ਦਿਨ ਤੇ ਤੀਸਰਾ 80 ਦਿਨਾਂ ਬਾਅਦ ਕਰੋ ।

★ ਪਹਿਲੀ ਸਿੰਚਾਈ ਬਿਜਾਈ ਤੋਂ ਤੁਰੰਤ ਬਾਅਦ ਅਤੇ ਹਲਕੀ ਕਰੋ । ਸਿੰਚਾਈ ਸਮੇਂ ਧਿਆਨ ਰੱਖੋ ਕਿ ਪਾਣੀ ਵੱਟਾਂ ਦੇ ਉੱਪਰ ਨਾ ਚੜ੍ਹੇ ਕਿਉਂਕਿ ਇਸ ਤਰ੍ਹਾਂ ਵੱਟਾਂ ਦੀ ਮਿੱਟੀ ਲੁੱਕ ਕੇ ਸਖਤ ਹੋ ਜਾਂਦੀ ਹੈ ਅਤੇ ਆਲੂਆਂ ਦੇ ਜੰਮ ਅਤੇ ਵਾਧੇ ਤੇ ਮਾੜਾ ਅਸਰ ਪੈਂਦਾ ਹੈ । ਹਲਕੀਆਂ ਜ਼ਮੀਨਾਂ ਵਿੱਚ 5-7 ਦਿਨ ਦੇ ਵਕਫੇ ਅਤੇ ਭਾਰੀਆਂ ਜ਼ਮੀਨਾਂ ਵਿੱਚ 8-10 ਦੇ ਵਕਫੇ ਤੇ ਸਿੰਚਾਈ ਕਰੋ ।

★ ਆਲੂਆਂ ਦੀ ਫ਼ਸਲ ਨੂੰ ਪਿਛੇਤੇ ਝੁਲਸ ਰੋਗ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਬਿਮਾਰੀ ਕੁਝ ਹੀ ਦਿਨਾਂ ਵਿੱਚ ਬਹੁਤ ਜ਼ਿਆਦਾ ਫੈਲ ਜਾਂਦੀ ਹੈ ਅਤੇ ਫ਼ਸਲ ਦਾ ਬਹੁਤ ਨੁਕਸਾਨ ਕਰ ਦਿੰਦੀ ਹੈ । ਇਸ ਬਿਮਾਰੀ ਤੋਂ ਬਚਾਅ ਲਈ ਨਵੰਬਰ ਦੇ ਪਹਿਲੇ ਹਫਤੇ ਫ਼ਸਲ ਤੇ ਇੰਡੋਫਿਲ ਐਮ 45/ਕਵਰ/ਐਂਟਰਾਕੋਲ 500-700 ਗ੍ਰਾਮ ਪ੍ਰਤੀ ਏਕੜ ਨੂੰ 250-350 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । 7-7 ਦਿਨ ਦੇ ਵਕਫੇ ਤੇ ਇਸ ਛਿੜਕਾਅ ਨੂੰ 5 ਵਾਰ ਦੁਹਰਾਉ । ਜਿੱਥੇ ਬਿਮਾਰੀ ਦਾ ਹਮਲਾ ਜ਼ਿਆਦਾ ਹੋਵੇ, ਤੀਜਾ ਤੇ ਚੌਥਾ ਛਿੜਕਾਅ ਰਿਡੋਮਿਲ ਗੋਲਡ ਜਾਂ ਕਰਜ਼ੈਟ ਐਮ-8 700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨ ਦੇ ਵਕਫੇ ਤੇ ਛਿੜਕਾਅ ਕਰੋ ।

★ ਦਸੰਬਰ ਦੇ ਅਖੀਰ ਜਾਂ ਜਨਵਰੀ ਦੇ ਪਹਿਲੇ ਹਫਤੇ ਜਦੋਂ ਤੇਲੇ ਦੀ ਗਿਣਤੀ 20 ਕੀੜੇ ਪ੍ਰਤੀ 100 ਪੱਤੇ ਹੋਣ ਤਾਂ ਵੇਲਾਂ ਕੱਟ ਦਿਉ ।

★ ਵੇਲਾਂ ਕੱਟਣ ਤੋਂ ਬਾਅਦ ਆਲੂਆਂ ਨੂੰ 15-20 ਦਿਨਾਂ ਲਈ ਜ਼ਮੀਨ ਵਿੱਚ ਹੀ ਰਹਿਣ ਦਿਓ ਤਾਂ ਜੋ ਆਲੂ ਦੀ ਚਮੜੀ ਸਖਤ ਹੋ ਜਾਵੇ ਅਤੇ ਪੂਰੀ ਤਰ੍ਹਾਂ ਤਿਆਰ ਹੋ ਜਾਣ । ਪੁਟਾਈ ਤੋਂ ਬਾਅਦ ਆਲੂਆਂ ਨੂੰ 15-20 ਦਿਨ ਲਈ ਛਾਂ ਵਾਲੀ ਥਾਂ ਤੇ ਢੇਰਾਂ ਵਿੱਚ ਰੱਖੋ ।

★ ਆਲੂਆਂ ਦੀ ਛਾਂਟੀ ਕਰਕੇ ਖਰਾਬ ਅਤੇ ਕੱਟ ਲੱਗੇ ਆਲੂ ਵੱਖਰੇ ਕਰ ਲਓ । ਬਾਅਦ ਵਿੱਚ ਆਲੂਆਂ ਦੀ ਦਰਜਾਬੰਦੀ ਕਰਕੇ ਉਹਨਾਂ ਨੂੰ ਕੀਟਾਣੂ ਬਹਿਤ ਥੈਲਿਆਂ ਵਿੱਚ ਭਰ ਲਓ ਅਤੇ ਸੀਲ ਬੰਦ ਕਰ ਦਿਓ । ਇਹ ਆਲੂ ਅਗਲੇ ਸਾਲ ਵਰਤਣ ਲਈ ਸਤੰਬਰ ਤੱਕ ਕੋਲਡ ਸਟੋਰ ਵਿੱਚ ਰੱਖੋ, ਜਿੱਥੇ ਤਾਪਮਾਨ 2-4° ਸੈਂਟੀਗ੍ਰੇਡ ਹੋਵੇ ਅਤੇ ਨਮੀ ਦੀ ਮਾਤਰਾ 75-80% ਹੋਵੇ ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

## KHETI DUNIYAN

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 39
ਮਿਤੀ 27-09-2025

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਪਹਾੜਾਂ ਵਿੱਚ ਵਿਕਾਸ ਅਤੇ ਕੁਦਰਤੀ ਆਫ਼ਤਾਂ

**ਹਿਮਾਚਲ ਪ੍ਰਦੇਸ਼ ਦੀ ਮੌਜੂਦਾ ਤਬਾਹੀ ਦੇ ਮੁੱਖ ਕਾਰਨ ਆਰਥਿਕ ਵਿਕਾਸ ਦੇ ਨਾਮ ਉੱਤੇ ਬਣ ਰਹੀਆਂ ਚਾਰ ਮਾਰਗੀ ਸੜਕਾਂ, ਪਣ-ਬਿਜਲੀ ਪ੍ਰਾਜੈਕਟ, ਬਹੁ-ਮੰਜ਼ਲੀ ਇਮਾਰਤਾਂ, ਜੰਗਲਾਂ ਦੀ ਅੰਧਾਧੁੰਦ ਕਟਾਈ, ਕੇਬਲ ਕਾਰਾਂ, ਹੈਲੀਪੈਡ ਪ੍ਰਾਜੈਕਟ ਆਦਿ ਹਨ।**

ਪਹਾੜੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਹੋਈ ਤੇ ਹੋ ਰਹੀ ਤਬਾਹੀ ਭਾਵੇਂ ਭਾਰੀ ਮੀਂਹ ਪੈਣ, ਬੱਦਲ ਫਟਣ, ਫਲੈਸ਼ ਫਲੱਡ ਵਰਗੀਆਂ ਕੁਦਰਤੀ ਆਫ਼ਤਾਂ ਕਰ ਕੇ ਹੋ ਰਹੀ ਹੈ ਪਰ ਇਹ ਸਭ ਕੁਦਰਤੀ ਨਹੀਂ। ਇਹ ਤਬਾਹੀ ਮੌਸਮੀ ਤਬਦੀਲੀਆਂ ਅਤੇ ਸੂਬੇ ਦੇ ਸੰਵੇਦਨਸ਼ੀਲ ਵਾਤਾਵਰਨ ਨਾਲ ਮਨੁੱਖ ਦੀ ਲੋੜੋਂ ਵੱਧ ਛੇੜਛਾੜ ਦਾ ਨਤੀਜਾ ਹੈ।

ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਇਸ ਸਾਲ ਹਿਮਾਚਲ ਪ੍ਰਦੇਸ਼ ਵਿੱਚ ਔਸਤ ਤੋਂ ਜ਼ਿਆਦਾ ਮੀਂਹ ਪਏ। ਇਹ ਵਰਤਾਰਾ ਮੌਸਮੀ ਤਬਦੀਲੀਆਂ ਨਾਲ ਸੰਬੰਧਿਤ ਹੈ। ਵਿਗਿਆਨੀਆਂ ਨੇ ਆਪਣੀਆਂ ਖੋਜਾਂ ਦੇ ਆਧਾਰ 'ਤੇ ਸਮੇਂ-ਸਮੇਂ ਸਰਕਾਰਾਂ ਨੂੰ ਖ਼ਬਰਦਾਰ ਕਰਦਿਆਂ ਦੱਸਿਆ ਸੀ ਕਿ ਧਰਤੀ ਦਾ ਔਸਤ ਤਾਪਮਾਨ ਤੇਜ਼ੀ ਨਾਲ ਵੱਧ ਰਿਹਾ ਹੈ ਜਿਸ ਕਾਰਨ ਕੁਦਰਤੀ ਆਫ਼ਤਾਂ ਦੀ ਆਮਦ ਵਿੱਚ ਤੇਜ਼ੀ ਨਾਲ ਵਾਧਾ ਹੋ ਸਕਦਾ ਹੈ। ਤਾਪਮਾਨ ਦਾ ਵਾਧਾ ਰੋਕਣ ਲਈ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿੱਚ ਤੇਜ਼ੀ ਨਾਲ ਕਟੌਤੀ ਕਰਨ ਦੀ ਲੋੜ ਹੈ, ਕਿਉਂਕਿ ਤਾਪਮਾਨ ਵਿੱਚ ਵਾਧੇ ਦੀ ਇੱਕ ਡਿਗਰੀ ਦਾ ਹਰ ਇੱਕ ਹਿੱਸਾ ਬਹੁਤ ਮਹੱਤਵਪੂਰਨ ਹੁੰਦਾ ਹੈ। ਤਾਪਮਾਨ ਵਿੱਚ ਇੱਕ ਡਿਗਰੀ ਸੈਲਸੀਅਸ ਦੇ ਵਾਧੇ ਨਾਲ ਬਹੁਤ ਜ਼ਿਆਦਾ ਮੀਂਹ ਪੈਣ ਦੀਆਂ ਘਟਨਾਵਾਂ ਵਿੱਚ 7 ਫ਼ੀਸਦੀ ਵਾਧਾ, ਗਰਮ ਲਹਿਰਾਂ ਦੀ ਆਮਦ ਵਿੱਚ 5 ਗੁਣਾ ਵਾਧਾ, ਚੱਕਰਵਾਤਾਂ ਵਿਚਲੀ ਹਵਾ ਦੀ ਗਤੀ ਵਿੱਚ 5 ਫ਼ੀਸਦੀ ਵਾਧਾ, ਜੰਗਲੀ ਅੱਗਾਂ ਲੱਗਣ ਵਿੱਚ ਕਈ ਗੁਣਾ ਵਾਧਾ ਹੋ ਸਕਦਾ ਹੈ। ਆਰਥਿਕ ਵਿਕਾਸ ਦੀ ਦੌੜ ਵਿੱਚ ਸਰਕਾਰਾਂ ਨੇ ਵਿਗਿਆਨੀਆਂ ਦੀਆਂ ਚਿਤਾਵਨੀਆਂ ਵੱਲ ਕੋਈ ਧਿਆਨ ਨਹੀਂ ਦਿੱਤਾ; ਨਤੀਜੇ ਵਜੋਂ ਰਿਕਾਰਡ ਅਨੁਸਾਰ, 2014 ਤੋਂ 2024 ਵਾਲਾ ਦਹਾਕਾ ਹੁਣ ਤੱਕ ਦਾ ਸਭ ਤੋਂ ਗਰਮ ਦਹਾਕਾ ਬਣ ਗਿਆ ਹੈ। ਪਿਛਲੇ ਦੋ ਸਾਲ (2023 ਤੇ 2024) ਉਪਰੋਥਲੀ ਹੁਣ ਤੱਕ ਦੇ ਸਭ ਤੋਂ ਗਰਮ ਸਾਲ ਰਹੇ। ਇਨ੍ਹਾਂ 24 ਮਹੀਨਿਆਂ ਵਿੱਚ 17 ਮਹੀਨਿਆਂ ਵਿੱਚ ਧਰਤੀ ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.5 ਡਿਗਰੀ ਸੈਲਸੀਅਸ ਤੋਂ ਵੱਧ ਰਿਕਾਰਡ ਕੀਤਾ ਗਿਆ।

ਮੌਸਮੀ ਤਬਦੀਲੀ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਦੀ ਮੌਜੂਦਾ ਤਬਾਹੀ ਦਾ ਮੁੱਖ ਕਾਰਨ ਆਰਥਿਕ ਵਿਕਾਸ ਦੇ ਨਾਮ ਉੱਤੇ ਬਣ ਰਹੀਆਂ ਚਾਰ ਮਾਰਗੀ ਸੜਕਾਂ, ਪਣ ਬਿਜਲੀ, ਪ੍ਰਾਜੈਕਟ, ਬਹੁ-ਮੰਜ਼ਲੀ ਇਮਾਰਤਾਂ, ਜੰਗਲਾਂ ਦੀ ਅੰਧਾਧੁੰਦ ਕਟਾਈ, ਕੇਬਲ ਕਾਰਾਂ, ਹੈਲੀਪੈਡ ਪ੍ਰਾਜੈਕਟ ਆਦਿ ਹਨ। ਹਿਮਾਚਲ ਨੂੰ ਕੁਦਰਤ ਨੇ ਭਰਪੂਰ ਖ਼ੂਬਸੂਰਤੀ ਅਤੇ ਕੁਦਰਤੀ ਸਰੋਤ ਦਿੱਤੇ ਹਨ। ਇੱਥੋਂ ਦੇ ਨਵੇਂ ਉਭਰਦੇ ਅਤੇ ਉੱਚੇ-ਉੱਚੇ ਪਹਾੜ, ਵੰਨ-ਸਵੰਨੀ ਬਨਸਪਤੀ ਅਤੇ ਠੰਢਾ ਮੌਸਮ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਦੇ ਹਨ। ਹਿਮਾਚਲ ਸਰਕਾਰ ਨੇ ਇਸ ਦੀ ਕੁਦਰਤੀ ਸੁੰਦਰਤਾ ਦਾ ਫ਼ਾਇਦਾ ਉਠਾਉਂਦੇ ਹੋਏ ਇਸ ਨੂੰ ਸੈਰਗਾਹ ਦੇ ਤੌਰ 'ਤੇ ਉਭਾਰਨ ਲਈ ਚਾਰ ਮਾਰਗੀ ਸੜਕਾਂ ਅਤੇ ਸੁਰੰਗਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਸੜਕਾਂ ਅਤੇ ਸੁਰੰਗਾਂ ਬਣਾਉਣ ਲਈ ਭਾਰੀ ਮਸ਼ੀਨਾਂ ਅਤੇ ਵਿਸਫੋਟਕ ਸਮੱਗਰੀ ਨਾਲ ਪਹਾੜ ਤੋੜੇ ਗਏ ਜਿਸ ਕਾਰਨ ਪਹਾੜਾਂ ਦਾ ਸੰਤੁਲਨ ਵਿਗੜਨਾ ਸ਼ੁਰੂ ਹੋ ਗਿਆ। ਨਤੀਜੇ ਵਜੋਂ ਪਹਾੜ ਥਾਂ-ਥਾਂ ਤੋਂ ਥੱਲੇ ਖਿਸਕਣੇ ਸ਼ੁਰੂ ਹੋ ਗਏ। ਪਹਾੜੀ ਖੇਤਰਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਵਿਕਾਸ ਕਾਰਜ ਸ਼ੁਰੂ ਕਰਨ ਲਈ ਪਹਾੜ ਤੋੜਨ ਤੋਂ ਪਹਿਲਾਂ ਜੰਗਲ ਕੱਟਣੇ ਪੈਂਦੇ ਹਨ। ਦਰੱਖ਼ਤਾਂ ਦੀ ਅਣਹੋਂਦ ਕਾਰਨ ਮਿੱਟੀ ਖੁਰਦੀ ਹੈ। ਪਹਾੜਾਂ ਦੀ ਲੋੜੋਂ ਵੱਧ ਕਟਾਈ ਤੇ ਮਿੱਟੀ ਖੁਰਨ ਕਾਰਨ ਪਹਾੜ ਖਿਸਕ ਕੇ ਸੜਕਾ 'ਤੇ ਆਵਾਜਾਈ ਠੱਪ ਕਰਦੇ ਹਨ। ਕਈ ਵਾਰੀ ਭਾਰੀ ਮੀਂਹ ਪੈਣ ਨਾਲ ਇਮਾਰਤਾਂ ਅਤੇ ਘਰ ਵੀ ਖਿਸਕ ਕੇ ਤਬਾਹ ਹੋ ਜਾਂਦੇ ਹਨ। 2023 ਵਿੱਚ ਅਤੇ ਇਸ ਸਾਲ (2025) ਵਿੱਚ ਵੀ ਕੁੱਲੂ ਤੇ ਮੰਡੀ ਦੇ ਕਈ ਘਰ ਪਹਾੜ ਖਿਸਕਣ ਨਾਲ ਤਬਾਹ ਹੋ ਗਏ।

ਭਾਰਤੀ ਭੂ-ਵਿਗਿਆਨਕ ਸਰਵੇਖਣ (Geological Survey Of India) ਦੀ 2021 ਦੀ ਰਿਪੋਰਟ ਅਨੁਸਾਰ ਸੂਬੇ ਵਿੱਚ 17,120 ਖੇਤਰ ਅਜਿਹੇ ਹਨ ਜਿੱਥੇ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਹਿਮਾਚਲ ਵਿੱਚ ਚਾਰ ਮਾਰਗੀ ਸੜਕਾਂ ਦੇ ਕੰਮ ਸ਼ੁਰੂ ਹੋਣ ਤੋਂ ਬਾਅਦ




**ਡਾ. ਗੁਰਿੰਦਰ ਕੌਰ**
ਸਾਬਕਾ ਪ੍ਰੋਫੈਸਰ, ਜਿਓਗਰਾਫੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ


ਹਰ ਸਾਲ ਪਹਾੜ ਖਿਸਕਣ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 2020 ਵਿੱਚ ਪਹਾੜ ਖਿਸਕਣ ਦੀਆਂ ਸਿਰਫ਼ 16 ਘਟਨਾਵਾਂ ਹੋਈਆਂ, 2021 ਵਿੱਚ ਇਨ੍ਹਾਂ ਦੀ ਗਿਣਤੀ 100 ਅਤੇ 2022 ਵਿੱਚ 117 ਹੋ ਗਈ। ਇਸ ਸਾਲ (2025) 7 ਅਗਸਤ ਤੱਕ ਪਹਾੜ ਖਿਸਕਣ ਦੀਆਂ 63 ਘਟਨਾਵਾਂ ਵਾਪਰ ਚੁੱਕੀਆਂ ਸਨ ਜਦੋਂਕਿ ਮੌਨਸੂਨ ਰੁੱਤ ਸਤੰਬਰ ਦੇ ਅਖ਼ੀਰ ਤੱਕ ਰਹਿੰਦੀ ਹੈ।

ਚਾਰ ਮਾਰਗੀ ਸੜਕਾਂ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਵਿੱਚ ਲੱਗ ਰਹੇ ਪਣ-ਬਿਜਲੀ ਪ੍ਰਾਜੈਕਟ ਵੀ ਕੁਦਰਤੀ ਆਫ਼ਤਾਂ ਦੀ ਮਾਰ ਦੀ ਗਹਿਰਾਈ ਵਿੱਚ ਵਾਧਾ ਕਰ ਰਹੇ ਹਨ। ਹਿਮਧਾਰਾ ਐਨਵਾਇਰਨਮੈਂਟ ਰਿਸਰਚ ਅਤੇ ਐਕਸ਼ਨ ਕਲੈਕਟਿਵ ਦੇ 2019 ਦੇ ਅਧਿਐਨ ਅਨੁਸਾਰ ਭਾਰਤ ਦੇ ਸਾਰੇ ਹਿਮਲਿਆਈ ਸੂਬਿਆਂ ਵਿੱਚ ਹਿਮਾਚਲ ਵਿੱਚ ਪਣ ਬਿਜਲੀ ਵਿਕਾਸ ਕਾਰਜਾਂ ਦੀ ਗਤੀ ਸਭ ਤੋਂ ਤੇਜ਼ ਹੈ। ਕਿਨੌਰ ਜ਼ਿਲ੍ਹੇ ਵਿੱਚ 53 ਪ੍ਰਾਜੈਕਟ ਲਗਾਉਣ ਦੀ ਵਿਉਂਤਬੰਦੀ ਹੈ ਜਿਨ੍ਹਾਂ ਵਿੱਚੋਂ 17 ਵੱਡੇ ਪ੍ਰਾਜੈਕਟ ਹਨ ਅਤੇ ਵੱਖ-ਵੱਖ ਸਮਰੱਥਾ ਵਾਲੇ 15 ਪ੍ਰਾਜੈਕਟ ਪਹਿਲਾਂ ਹੀ ਕਾਰਜਸ਼ੀਲ



ਹਨ। ਪਣ-ਬਿਜਲੀ ਪ੍ਰਾਜੈਕਟ ਦੇ ਮਾੜੇ ਪ੍ਰਭਾਵਾਂ ਕਾਰਨ 2021 ਵਿੱਚ ਕਿਨੌਰ ਦੇ ਲੋਕਾਂ ਨੇ ਝਾਂਗੀ ਤਪੋਵਨ ਪੋਵਾਰੀ ਪਣ-ਬਿਜਲੀ ਪ੍ਰਾਜੈਕਟ ਲਗਾਉਣ ਦਾ ਤਿੱਖਾ ਵਿਰੋਧ ਕੀਤਾ ਸੀ।

ਹਿਮਾਲਿਆਈ ਪਹਾੜਾਂ ਵਾਲੇ ਸੂਬਿਆਂ ਵਿੱਚ ਅੱਜ ਕੱਲ੍ਹ ਆਰਥਿਕ ਵਿਕਾਸ ਦੇ ਰੂਪ ਵਿੱਚ ਬਹੁਤ ਦੁੱਖਦਾਈ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਇਹ ਸੂਬੇ ਪਹਾੜਾਂ ਨੂੰ ਕੁਦਰਤ ਦੀ ਦਾਤ ਸਮਝਣ ਦੀ ਥਾਂ ਵਸਤੂ ਸਮਝ ਕੇ ਉਨ੍ਹਾਂ ਦੇ ਜ਼ੱਰੇ-ਜ਼ੱਰੇ ਤੋਂ ਫ਼ਾਇਦਾ ਉਠਾਉਣ ਵਿੱਚ ਲੱਗੇ ਹੋਏ ਹਨ। ਇਹ ਰੁਝਾਨ ਵੀ ਪਹਾੜੀ ਸੂਬਿਆਂ ਦੀ ਬਰਬਾਦੀ ਦਾ ਕਾਰਨ ਬਣ ਰਿਹਾ ਹੈ। ਹਰ ਸਾਲ ਪਹਾੜਾਂ ਵਿੱਚ ਹੋ ਰਹੀ ਤਬਾਹੀ ਨੂੰ ਦੇਖਦਿਆਂ 28 ਜੁਲਾਈ 2025 ਨੂੰ ਮੈਸਰਜ਼ ਪ੍ਰਿਸਟੀਨ ਹੋਟਲਜ਼ ਅਤੇ ਰਿਜ਼ੌਰਟਸ ਪ੍ਰਾਈਵੇਟ ਲਿਮਟਿਡ ਦੁਆਰਾ ਕੀਤੀ ਅਪੀਲ ਨੂੰ ਸੁਪਰੀਮ ਕੋਰਟ ਨੇ ਖਾਰਜ ਕਰ ਦਿੱਤਾ। ਇਹ ਅਪੀਲ ਸ੍ਰੀ ਤਾਰਾ ਮਾਤਾ ਹਿਲ (ਜੋ ਗਰੀਨ ਬੈਲਟ ਖੇਤਰ ਵਿੱਚ ਹੈ) ਉੱਤੇ ਹੋਟਲ ਬਣਾਉਣ ਬਾਰੇ ਸੀ। ਅਪੀਲ ਖਾਰਜ ਕਰ ਕੇ ਸੁਪਰੀਮ ਕੋਰਟ ਨੇ ਫ਼ੈਸਲਾ ਸੁਣਾਇਆ ਕਿ ਅਜਿਹੀਆਂ ਉਸਾਰੀਆਂ ਨਾਲ ਸਮੁੱਚਾ ਹਿਮਾਚਲ ਪ੍ਰਦੇਸ਼ ਭਾਰਤ ਦੇ ਨਕਸ਼ੇ ਤੋਂ ਗਾਇਬ ਹੋ ਸਕਦਾ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਮੌਸਮੀ ਤਬਦੀਲੀਆਂ ਦਾ ਅਸਰ ਹੁਣ ਹਿਮਾਚਲ ਪ੍ਰਦੇਸ਼ ਵਿੱਚ ਸਾਫ਼ ਦਿਖਾਈ ਦੇਣ ਲੱਗ ਪਿਆ ਹੈ। ਸੂਬੇ ਦਾ ਔਸਤ ਤਾਪਮਾਨ ਵੱਧ ਰਿਹਾ ਹੈ, ਬਰਫ਼ ਪੈਣ ਦਾ ਵਰਤਾਰਾ ਬਦਲ ਰਿਹਾ ਹੈ ਅਤੇ ਹਰ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਦੀ ਗਿਣਤੀ ਅਤੇ ਮਾਰ ਦੀ ਗਹਿਰਾਈ ਵੱਧ ਰਹੀ ਹੈ। ਤਾਪਮਾਨ ਦੇ ਵਾਧੇ ਨਾਲ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ ਜਿਸ ਨਾਲ ਗਲੇਸ਼ੀਅਰ ਝੀਲਾਂ ਦੇ ਫਟਣ ਦਾ ਖ਼ਤਰਾ ਵੱਧ ਰਿਹਾ ਹੈ।

2023 ਵਿੱਚ ਭਾਰੀ ਮੀਂਹ ਪੈਣ ਕਾਰਨ ਹਿਮਾਚਲ ਵਿੱਚ ਬਹੁਤ ਤਬਾਹੀ ਹੋਈ ਸੀ ਕਿਉਂਕਿ ਚਾਰ ਮਾਰਗੀ ਸੜਕਾਂ ਬਣਨ ਤੋਂ ਬਾਅਦ ਸੈਲਾਨੀਆਂ ਦੀ ਗਿਣਤੀ ਵੱਧ ਰਹੀ ਸੀ। ਸੈਲਾਨੀਆਂ ਨੂੰ ਠਹਿਰਾਉਣ ਅਤੇ ਉਨ੍ਹਾਂ ਲਈ ਖਾਣ-ਪੀਣ ਅਤੇ ਹੋਰ ਸਹੂਲਤਾਂ ਜੁਟਾਉਣ ਲਈ ਉਨ੍ਹਾਂ ਥਾਵਾਂ ਉੱਤੇ ਵੀ ਕਈ ਬਹੁ-ਮੰਜ਼ਲੀ ਹੋਟਲ, ਕਾਰ ਪਾਰਕਿੰਗ ਬਣਾਏ ਗਏ ਜਿਹੜੀਆਂ ਸੰਵੇਦਨਸ਼ੀਲ ਖੇਤਰ ਵਿੱਚ ਸਨ। ਹਿਮਾਚਲ ਦੇ ਮੁੱਖ ਮੰਤਰੀ ਨੇ ਮੰਨਿਆ ਸੀ ਕਿ ਤਬਾਹੀ ਤੋਂ ਉਭਰਨ ਲਈ 10,000 ਕਰੋੜ ਰੁਪਏ ਲੱਗਣਗੇ। ਤਬਾਹੀ ਤੋਂ ਦੋ ਮਹੀਨੇ ਬਾਅਦ ਹੀ ਸਰਕਾਰ ਨੇ ਹੈਲੀਕਾਪਟਰ ਬਣਾਉਣ ਦੀ ਯੋਜਨਾਬੰਦੀ ਕਰ ਲਈ ਸੀ।

ਹਿਮਾਚਲ ਸਰਕਾਰ ਭਲੀ-ਭਾਂਤ ਜਾਣਦੀ ਹੈ ਕਿ ਸੂਬਾ ਭੂਚਾਲ ਸੰਵੇਦਨਸ਼ੀਲ ਵੀ ਹੈ। ਭੂ-ਵਿਗਿਆਨੀ ਵਾਰ-ਵਾਰ ਸੁਚੇਤ ਕਰ ਰਹੇ ਹਨ ਕਿ ਹਿਮਾਲਿਆਈ ਖੇਤਰ ਵਿੱਚ ਕਦੇ ਵੀ ਕੋਈ ਵੱਡਾ ਭੂਚਾਲ ਆ ਸਕਦਾ ਹੈ। ਇਸ ਲਈ ਸਰਕਾਰ ਨੂੰ ਸੂਬੇ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਕਿਸੇ ਵੀ ਤਰ੍ਹਾਂ ਦਾ ਵਿਕਾਸ ਕਰਨ ਤੋਂ ਪਹਿਲਾਂ ਵਾਤਾਵਰਨ ਮਾਹਿਰਾਂ, ਭੂ-ਵਿਗਿਆਨੀਆਂ ਅਤੇ ਸਥਾਨਕ ਲੋਕਾਂ ਦੀ ਰਾਇ ਲੈਣੀ ਚਾਹੀਦੀ ਹੈ। ਨਦੀਆਂ ਦੇ ਵਹਾਅ ਖੇਤਰਾਂ, ਪਹਾੜ ਖਿਸਕਣ, ਭੂਚਾਲ ਸੰਵੇਦਨਸ਼ੀਲ ਆਦਿ ਖੇਤਰਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਖੇਤਰਾਂ ਨੂੰ ਕਾਨੂੰਨੀ ਤੌਰ ਉੱਤੇ ਉਸਾਰੀ ਨਾ ਕਾਬਿਲ ਖੇਤਰ ਐਲਾਨਣਾ ਚਾਹੀਦਾ ਹੈ। ਸੂਬੇ ਦੇ ਕੁਦਰਤੀ ਵਾਤਾਵਰਨ ਨੂੰ ਬਚਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਚਾਰ ਮਾਰਗੀ ਸੜਕਾਂ ਬਣਾਉਣ ਦੀ ਥਾਂ ਪੁਰਾਣੀਆਂ ਸੜਕਾਂ ਦੀ ਮੁਰੰਮਤ ਕਰਵਾ ਕੇ ਉਨ੍ਹਾਂ ਨੂੰ ਆਵਾਜਾਈ ਦੇ ਯੋਗ ਬਣਾਵੇ। ਪਹਾੜੀ ਖੇਤਰਾਂ ਦੀ ਸਮਰੱਥਾ ਅਨੁਸਾਰ ਹੀ ਹੋਟਲ ਬਣਾਏ ਜਾਣ। ਇਸ ਦੇ ਨਾਲ-ਨਾਲ ਸੈਲਾਨੀਆਂ ਦੀ ਗਿਣਤੀ ਵੀ ਤੈਅ ਹੋਣੀ ਚਾਹੀਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਪ੍ਰਾਈਵੇਟ ਗੱਡੀਆਂ, ਹੈਲੀਕਾਪਟਰਾਂ ਦੀ ਥਾਂ ਸੈਲਾਨੀਆਂ ਨੂੰ ਜਨਤਕ ਆਵਾਜਾਈ ਦੇ ਸਾਧਨ ਮੁਹੱਈਆ ਕਰਵਾਏ। ਜਨਤਕ ਆਵਾਜਾਈ ਦੇ ਸਾਧਨ ਮੁਹੱਈਆਂ ਕਰਵਾਉਣ ਅਤੇ ਸੈਲਾਨੀਆਂ ਦੀ ਗਿਣਤੀ ਤੈਅ ਕਰਨ ਨਾਲ ਹੋਟਲਾਂ ਅਤੇ ਕਾਰ ਪਾਰਕਿੰਗ ਇਮਾਰਤਾਂ ਦੀ ਜ਼ਿਆਦਾ ਲੋੜ ਨਹੀਂ ਰਹੇਗੀ। ਪਹਾੜੀ ਖੇਤਰਾਂ ਦੀ ਸੁੰਦਰਤਾ, ਵਾਤਾਵਰਨ ਅਤੇ ਲੋਕਾਂ ਦੀ ਜਾਨ ਤੇ ਮਾਲ ਦੀ ਰੱਖਿਆ ਕਰਨ ਲਈ 'ਹਿਮਾਚਲ ਕਾ ਹਰ ਘਰ ਕੁਝ ਕਹਿਤਾ ਹੈ' ਦੇ ਨਾਅਰੇ ਉੱਤੇ ਅਮਲ ਕਰ ਕੇ ਸਰਕਾਰ ਸੂਬੇ ਦੇ ਵਾਤਾਵਰਨ ਨੂੰ ਬਚਾਉਣ ਦੇ ਨਾਲ-ਨਾਲ ਲੋਕਾਂ ਦੀ ਆਮਦਨ ਵੀ ਵਧਾ ਸਕਦੀ ਹੈ।


ਕਣਕ ਦੀ
ਮੁਕੰਮਲ ਸੁਰੱਖਿਆ ਲਈ
ਪਾਯਨੀਯਰ
ਦਾ ਸੁਰੱਖਿਆ
ਚੱਕਰ ਅਪਣਾਓ
Kanak
Piroxofop - Propanyl 15% WP
Top-r
2,4-D Amine Salt 58% SL
Captain
Herbicide
Metsulfuron Methyl 20% W.P.
Supergrip
Herbicide
Sulfosulfuron 75% WG
Suraksha
Herbicide
SULFOSULFURON 75% + METSULFURON METHYL 5% WG
Metsulfo
Selective Herbicide
AKITA
Clean Power
PIONEER
PESTICIDES PVT. LTD.
PIONEER PESTICIDES PVT. LTD.
SCO 82-83, 2nd Floor, Sector-8C, M. Marg, Chandigarh
Phone : 0172-2549719, 2549819, 2540986
E-mail : headoffice@pioneerpesticides.com
Website : www.pioneerpesticides.com

# ਮਜ਼ਬੂਤ ਫ਼ਸਲ ਬੀਮਾ ਯੋਜਨਾ ਕਿਉਂ ਨਹੀਂ?

**ਸਰਬਜੀਤ ਸਿੰਘ ਚਾਹਲ**
ਸਾਬਕਾ ਵਾਈਸ ਚਾਂਸਲਰ
ਮਹਾਰਾਣਾ ਪ੍ਰਤਾਪ ਖੇਤੀਬਾੜੀ ਅਤੇ ਤਕਨਾਲੋਜੀ ਯੂਨੀਵਰਸਿਟੀ, ਉਦੈਪੁਰ
ਮੋਬਾਇਲ : 99152-24041



**ਪੰਜਾਬ ਵਿੱਚ ਵਿਨਾਸ਼ਕਾਰੀ ਹੜ੍ਹਾਂ ਕਾਰਨ ਲਗਭਗ 4.3 ਲੱਖ ਏਕੜ ਵਿੱਚ ਸਾਉਣੀ ਦੀਆਂ ਫ਼ਸਲਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਮੰਨਿਆ ਗਿਆ ਹੈ ਜੋ ਪੱਕਣ ਦੇ ਪੜਾਅ ਦੇ ਨੇੜੇ ਸਨ ।**

ਪੰਜਾਬ ਵਿੱਚ ਰਿਕਾਰਡਤੋੜ ਹੜ੍ਹਾਂ ਕਾਰਨ ਹੋਈ ਵਿਆਪਕ ਤਬਾਹੀ ਨੇ ਇੱਕ ਵਾਰ ਫਿਰ ਇੱਕ ਟਿਕਾਊ ਫ਼ਸਲ ਬੀਮਾ ਸਕੀਮ ਦੀ ਲੋੜ ਹੋਰ ਵਧਾ ਦਿੱਤੀ ਹੈ ਤਾਂ ਜੋ ਗਰੀਬ ਕਿਸਾਨੀ ਨੂੰ ਹੋਏ ਨੁਕਸਾਨ ਦੀ ਢੁੱਕਵੀਂ ਭਰਪਾਈ ਕੀਤੀ ਜਾ ਸਕੇ । ਵਿਨਾਸ਼ਕਾਰੀ ਹੜ੍ਹਾਂ ਕਾਰਨ ਲਗਪਗ 4.3 ਲੱਖ ਏਕੜ ਵਿੱਚ ਸਾਉਣੀ ਦੀਆਂ ਫ਼ਸਲਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਮੰਨਿਆ ਗਿਆ ਹੈ ਜੋ ਪੱਕਣ ਦੇ ਪੜਾਅ ਦੇ ਨੇੜੇ ਸਨ । ਇਹ ਤਬਾਹੀ ਉਦੋਂ ਹੋਈ ਜਦੋਂ ਪ੍ਰਭਾਵਿਤ ਕਿਸਾਨ ਪਹਿਲਾਂ ਹੀ ਜ਼ਿਆਦਾਤਰ ਲਾਗਤ ਖ਼ਰਚ ਕਰ ਚੁੱਕੇ ਸਨ ਅਤੇ ਉਨ੍ਹਾਂ ਕੋਲ ਬਿਜਾਈ ਨੂੰ ਦੁਹਰਾਉਣ ਦਾ ਵੀ ਕੋਈ ਮੌਕਾ ਨਹੀਂ ਸੀ । ਰਾਜ ਸਰਕਾਰ ਨੇ 75% ਤੋਂ ਵੱਧ ਨੁਕਸਾਨ ਝੱਲਣ ਲਈ ਪ੍ਰਤੀ ਏਕੜ 20,000/- ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ ਹੈ ।

ਹਾਲਾਂਕਿ, ਇਹ ਅਜੇ ਸਪੱਸ਼ਟ ਨਹੀਂ ਕੀਤਾ ਗਿਆ ਹੈ ਕਿ ਇਹ ਪੰਜ ਏਕੜ ਦੀ ਸੀਮਾ ਤੋਂ ਬਿਨਾ ਹੈ ਜਾਂ ਨਹੀਂ । ਸਾਲ 2023 ਵਿੱਚ ਇਹ ਪੰਜ ਏਕੜ ਦੀ ਸੀਮਾ ਤੱਕ ਕੀਤਾ ਗਿਆ ਸੀ । ਹਰ ਵਾਰ ਅਜਿਹੇ ਮੁਆਵਜ਼ੇ ਦੀ ਘੋਸ਼ਣਾ ਕਿਸਾਨਾਂ ਲਈ ਇੱਕ ਵਿਸ਼ੇਸ਼ ਪੱਖ ਵਜੋਂ ਕੀਤੀ ਜਾਂਦੀ ਹੈ ਪਰ ਬੀਮੇ ਦੁਆਰਾ ਕਿਸੇ ਸੁਰੱਖਿਆ ਦੀ ਅਣਹੋਂਦ ਵਿੱਚ ਅਧਿਕਾਰ ਵਜੋਂ ਨਹੀਂ । ਕਾਸ਼ਤ ਦੀ ਲਾਗਤ ਵਿੱਚ ਭਾਰੀ ਵਾਧੇ ਕਾਰਨ ਮੁਨਾਫ਼ੇ ਦਾ ਘਟਣਾ ਕਿਸਾਨਾਂ ਜਾਂ ਕਿਸਾਨ ਸੰਗਠਨਾਂ ਨੂੰ ਨਿਰਾਸ਼ ਕਰਦਾ ਹੈ । ਮੁੱਖ ਤੌਰ 'ਤੇ ਉਨ੍ਹਾਂ ਨੂੰ ਦਿੱਤੀ ਦੇਣਦਾਰੀ ਤੋਂ ਬਚਾਉਣ ਲਈ, ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਤਾਂ ਕੇਂਦਰੀ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ (PMFBY)-2016 ਨੂੰ ਲਾਗੂ ਕੀਤਾ ਅਤੇ ਨਾ ਹੀ ਰਾਜ ਲਈ ਆਪਣੀ ਖ਼ੁਦ ਦੀ ਫ਼ਸਲ ਬੀਮਾ ਯੋਜਨਾ ਬਣਾਈ । ਇਸ ਯੋਜਨਾ ਨੂੰ ਰੱਦ ਕਰ ਦਿੱਤਾ ਗਿਆ ਕਿਉਂਕਿ ਇਸ ਵਿੱਚ ਸਿੰਚਾਈ ਵਾਲੇ ਅਤੇ ਮੀਂਹ ਵਾਲੇ ਖੇਤਰਾਂ ਦੇ ਸਮੂਹੀਕਰਨ ਤੋਂ ਬਾਅਦ ਜ਼ੋਖ਼ਮ ਦਾ ਮੁਲਾਂਕਣ ਕੀਤਾ ਜਾਂਦਾ ਹੈ ਜਿਸ ਦੇ ਨਤੀਜੇ ਵਜੋਂ ਪੰਜਾਬ ਵਿੱਚ ਮੁੱਖ ਤੌਰ 'ਤੇ ਸਿੰਚਾਈ ਵਾਲੇ ਫ਼ਸਲੀ ਖੇਤਰਾਂ ਦੇ ਨੁਕਸਾਨ ਲਈ ਉੱਚ ਪ੍ਰੀਮੀਅਮ ਨਿਰਧਾਰਤ ਹੁੰਦਾ ਹੈ । ਇਸ ਵਿੱਚ ਦਾਅਵਾ ਸ਼ੁਰੂ ਕਰਨ ਤੋਂ ਪਹਿਲਾਂ ਘੱਟੋ-ਘੱਟ 40 ਪ੍ਰਤੀਸ਼ਤ ਨੁਕਸਾਨ ਹੋਣ ਦੀ ਸ਼ਰਤ ਵੀ ਨਿਰਧਾਰਤ ਹੈ ਜਿਸ ਨੂੰ ਬਹੁਤ ਜ਼ਿਆਦਾ ਥ੍ਰੈਸ਼ਹੋਲਡ ਪੱਧਰ ਮੰਨਿਆ ਜਾਂਦਾ ਹੈ । ਇਸ ਤੋਂ ਇਲਾਵਾ ਬੀਮਾ ਕੀਤੀ ਰਕਮ ਫ਼ਸਲ ਦੇ ਪੂਰੇ ਮੁੱਲ 'ਤੇ ਆਧਾਰਤ ਨਹੀਂ ਹੈ ਅਤੇ ਇੱਕ ਸੀਮਤ ਰਕਮ ਬਹੁਤ ਘੱਟ ਅਤੇ ਅਸੰਭਵ ਪਾਈ ਗਈ । ਪਿੰਡ ਨੂੰ ਵਿਅਕਤੀਗਤ ਬੀਮਾ ਕੀਤੇ ਖੇਤ ਦੀ ਬਜਾਏ ਮੁਲਾਂਕਣ ਕਰਨ ਲਈ ਇੱਕ ਇਕਾਈ ਵਜੋਂ ਲੈਣਾ ਵੀ ਪੰਜਾਬ ਵਿੱਚ ਹਿੱਸੇਦਾਰਾਂ ਨਾਲ ਚੰਗਾ ਨਹੀਂ ਅਤੇ ਵਪਾਰਕ ਅਤੇ ਬਾਗਬਾਨੀ ਫ਼ਸਲਾਂ ਲਈ ਉੱਚ ਪ੍ਰੀਮੀਅਮ ਵੀ ਕੇਂਦਰੀ ਯੋਜਨਾ ਦੀ ਅਸਵੀਕਾਰਤਾ ਦੇ ਪੱਖ ਵਿੱਚ ਭਾਰੂ ਹੈ ।

ਸਾਲ 2023 ਵਿੱਚ ਗਠਿਤ 'ਖੇਤੀਬਾੜੀ ਨੀਤੀ ਨਿਰਮਾਣ ਕਮੇਟੀ' ਦੁਆਰਾ ਕਿਸਾਨ ਪੱਖੀ ਯੋਜਨਾ ਦਾ ਸਮਰਥਨ ਕਰਨ ਲਈ ਸਮਰਪਿਤ ਫ਼ਸਲ ਬੀਮਾ ਫੰਡ ਤਿਆਰ ਕਰ ਕੇ ਪੰਜਾਬ ਦੀ ਆਪਣੀ ਫ਼ਸਲ ਬੀਮਾ ਸਕੀਮ ਤਿਆਰ ਕਰਨ ਦੀ ਸਪੱਸ਼ਟ ਸਿਫ਼ਾਰਸ਼ ਦੇ ਬਾਵਜੂਦ ਮੌਜੂਦਾ ਸਰਕਾਰ ਕੇਂਦਰ ਜਾਂ ਰਾਜ ਦੀ ਆਪਣੀ ਯੋਜਨਾ ਨੂੰ ਲਾਗੂ ਕਰਨ ਲਈ ਅੰਤਿਮ ਫ਼ੈਸਲਾ ਲੈਣ ਲਈ ਅਨਿਸ਼ਚਿਤ ਰਹੀ ਜਿਸ ਕਾਰਨ ਕੁੱਝ ਵੀ ਨਹੀਂ ਹੋਇਆ । ਉਸ PMFBY ਜੋ ਪੂਰੇ ਫ਼ਸਲੀ ਚੱਕਰ ਦੌਰਾਨ ਕੁਦਰਤੀ ਆਫ਼ਤਾਂ ਦੇ ਜ਼ੋਖ਼ਮ ਨੂੰ ਕਵਰ ਕਰਦਾ ਹੈ, ਕਿਸਾਨ ਸਾਉਣੀ ਲਈ 2%, ਹਾੜੀ ਲਈ 1.5% ਅਤੇ ਸਾਲਾਨਾ ਵਪਾਰਕ ਅਤੇ ਬਾਗਬਾਨੀ ਫ਼ਸਲਾਂ ਲਈ 5% ਅਦਾ ਕਰਦੇ ਹਨ । ਪ੍ਰੀਮੀਅਮ ਦਾ ਬਾਕੀ ਹਿੱਸਾ ਕੇਂਦਰ ਅਤੇ ਰਾਜ ਸਰਕਾਰਾਂ ਦੁਆਰਾ ਅਦਾ ਕੀਤਾ ਜਾਂਦਾ ਹੈ । ਸ਼ੁਰੂ ਵਿੱਚ ਇਸ ਨੂੰ ਕਰਜ਼ਾ ਲੈਣ ਵਾਲੇ ਸਾਰੇ ਕਿਸਾਨਾਂ ਲਈ ਲਾਜ਼ਮੀ ਬਣਾਇਆ ਗਿਆ ਸੀ ਪਰ ਸਾਲ 2020 ਵਿੱਚ ਸੋਧ ਕਰਦੇ ਸਮੇਂ ਇਸ ਨੂੰ ਬੀਮਾ ਰਾਸ਼ੀ ਦੀ ਗਣਨਾ ਵਿੱਚ ਲਚਕਤਾ, ਪ੍ਰੀਮੀਅਮ ਜਾਰੀ ਕਰਨ ਲਈ ਸਮਾਂ-ਰੇਖਾ ਪਰਿਭਾਸ਼ਤ ਕਰਨ ਅਤੇ ਬੀਮਾ ਕਰਤਾਵਾਂ ਨਾਲ ਬਹੁ-ਸਾਲਾ ਇਕਰਾਰਨਾਮੇ ਲਾਜ਼ਮੀ ਕਰਨ ਦੇ ਨਾਲ ਵਿਕਲਪਿਕ ਬਣਾ ਦਿੱਤਾ ਗਿਆ ਸੀ । ਫਿਰ ਵੀ ਇਹ ਯੋਜਨਾ ਕਿਸਾਨਾਂ ਨੂੰ ਚੰਗੀ ਤਰ੍ਹਾਂ ਨਹੀਂ ਫੜ ਸਕੀ ਤੇ ਆਪਣੇ ਪ੍ਰਚਾਰ ਤੋਂ ਬਹੁਤ ਦੂਰ ਹੈ । ਸਾਲ 2016 ਤੋਂ ਤੁਰੰਤ ਬਾਅਦ 27 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਇਸ ਯੋਜਨਾ ਨੂੰ ਲਾਗੂ ਕੀਤਾ ਸੀ ਪਰ ਸਾਲ 2024-25 ਵਿੱਚ ਇਹ ਗਿਣਤੀ ਘੱਟ ਕੇ 21 ਹੋ ਗਈ । ਉਤਰਾਅ-ਚੜ੍ਹਾਅ ਵਾਲੀ ਭਾਗੀਦਾਰੀ ਦੇ ਨਾਲ ਸਾਲ 2016-2017 ਵਿੱਚ ਕੁਲ 5.7 ਕਰੋੜ ਕਿਸਾਨਾਂ ਦਾ ਬੀਮਾ ਕੀਤਾ ਗਿਆ ਸੀ ਜੋ ਸਾਲ 2024-25 ਵਿੱਚ ਘੱਟ ਕੇ 4.19 ਕਰੋੜ ਰਹਿ ਗਿਆ ।

ਇਸ ਯੋਜਨਾ ਅਧੀਨ ਖੇਤਰ ਕਵਰੇਜ਼ ਵਿੱਚ ਵੀ ਇਸੇ ਤਰ੍ਹਾਂ ਦੇ ਸੁੰਗੜਦੇ ਰੁਝਾਨ ਹਨ । ਭਾਗੀਦਾਰ ਕਿਸਾਨਾਂ ਦਾ ਮੋਹ ਭੰਗ ਬਹੁਤ ਘੱਟ, ਅਕਸਰ ਦੇਰੀ ਨਾਲ ਜਾਂ ਕਦੇ ਨਾ ਦਿੱਤੇ ਜਾਣ ਵਾਲੇ ਮੁਆਵਜ਼ੇ ਕਾਰਨ ਹੁੰਦਾ ਹੈ ਜਿਸ ਦੀ ਗਣਨਾ ਕਾਸ਼ਤ ਲਾਗਤ 'ਤੇ ਦਾਅਵੇ ਦੀ ਗਣਨਾ ਕਰ ਕੇ ਕੀਤੀ ਜਾਂਦੀ ਹੈ ਪਰ ਮਾਰਕੀਟ ਦਰਾਂ ਦੁਆਰਾ ਨਹੀਂ । ਰਾਜਾਂ ਤੋਂ ਬਕਾਇਆ ਸਬਸਿਡੀਆਂ ਇਸ ਮੰਦਭਾਗੀ ਸਥਿਤੀ ਲਈ ਕੇਂਦਰ ਦੁਆਰਾ ਦੱਸਿਆ ਗਿਆ ਮੁੱਖ ਕਾਰਨ ਹੈ । ਯੋਜਨਾ ਛੱਡਣ ਵਾਲੇ ਜਾਂ ਦੇਰੀ ਨਾਲ ਯੋਗਦਾਨ ਪਾਉਣ ਵਾਲੇ ਰਾਜ ਦੱਸਦੇ ਹਨ ਕਿ ਇਹ ਉੱਚ ਪ੍ਰੀਮੀਅਮ ਦਰਾਂ ਕਾਰਨ ਇੱਕ ਵੱਡਾ ਵਿੱਤੀ ਬੋਝ ਹੈ ਜੋ ਕਈ ਵਾਰ ਰਾਜ ਦੇ ਸਾਲ ਦੇ ਖੇਤੀਬਾੜੀ ਬਜਟ ਦੇ ਇੱਕ ਚੌਥਾਈ ਤੋਂ ਵੀ ਵੱਧ ਜਾਂਦਾ ਹੈ । ਫ਼ਸਲਾਂ ਦੇ ਨੁਕਸਾਨ ਦਾ ਮੁਲਾਂਕਣ ਕਰਨ ਲਈ ਫ਼ਸਲ ਕੱਟਣ ਦੇ ਪ੍ਰਯੋਗਾਂ (CCEs) ਪ੍ਰਕਿਰਿਆ ਦੀ ਵਿਆਪਕ ਤੌਰ 'ਤੇ ਅੰਦਰੂਨੀ ਗਲਤੀਆਂ ਅਤੇ ਗੈਰ ਭਰੋਸੇਯੋਗਤਾ ਲਈ ਆਲੋਚਨਾ ਕੀਤੀ ਜਾਂਦੀ ਹੈ । ਇੱਥੋਂ ਤੱਕ ਕਿ ਸੰਚਾਲਨ ਦਿਸ਼ਾ-ਨਿਰਦੇਸ਼ਾਂ ਵਿੱਚ ਵੀ ਜ਼ਿਕਰ ਕੀਤਾ ਗਿਆ ਹੈ ਕਿ "ਉਪਜ ਡੇਟਾ ਦੀ ਗੁਣਵੱਤਾ 'ਤੇ ਵਿਵਾਦ ਯੋਜਨਾ ਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿੱਚ ਇੱਕ ਚੁਣੌਤੀ ਹੈ ।" ਇਹ ਅਵਿਸ਼ਵਾਸਯੋਗ ਹੈ ਜਦੋਂ CCE ਪ੍ਰਕਿਰਿਆ ਨੂੰ ਡਿਜੀਟਾਈਜ਼ਡ, ਜੀਓ-ਕੋਡ ਨਹੀਂ ਕੀਤਾ ਜਾਂਦਾ ਅਤੇ ਡੇਟਾ ਅਤੇ ਫੋਟੋਗ੍ਰਾਫਿਕ ਸਬੂਤਾਂ ਤੋਂ ਬਿਨਾ ਕੀਤਾ ਜਾਂਦਾ ਹੈ ।



ਸੀਮਤ ਵਾਢੀ-ਸਮੇਂ ਦੇ ਅੰਦਰ ਵੱਡੀ ਗਿਣਤੀ ਵਿੱਚ CCEs ਕਰਨ ਦੀ ਲੋੜ ਹੁੰਦੀ ਹੈ ਜਿਸ ਲਈ ਵੱਡੀ ਗਿਣਤੀ ਵਿੱਚ ਸਿਖਲਾਈ ਪ੍ਰਾਪਤ ਤੇ ਸਮਰਪਿਤ ਕੰਮ ਕਰਨ ਵਾਲੇ ਹੱਥਾਂ ਦੀ ਲੋੜ ਹੁੰਦੀ ਹੈ ਇਸ ਦੀ ਘਾਟ ਗਲਤੀਆਂ ਤੇ ਅਕੁਸ਼ਲਤਾ ਨੂੰ ਪੈਦਾ ਕਰਦੀ ਹੈ । ਹਾਲਾਂਕਿ, ਕਿਸਾਨ, ਸਰਕਾਰਾਂ ਤੇ ਨਾਲ ਹੀ ਬੀਮਾ ਕੰਪਨੀਆਂ ਦਾ ਕਹਿਣਾ ਹੈ ਕਿ ਕਿਸੇ ਵੀ ਫ਼ਸਲ ਬੀਮਾ ਯੋਜਨਾ ਦੀ ਸਫ਼ਲਤਾ ਲਈ ਨੁਕਸਾਨ ਦੇ ਮੁਲਾਂਕਣ ਦੀ ਸ਼ੁੱਧਤਾ ਬਹੁਤ ਜ਼ਰੂਰੀ ਹੈ । ਉਪਜ ਅਨੁਮਾਨ, ਫ਼ਸਲਾਂ ਦੇ ਨੁਕਸਾਨ, ਜ਼ੋਖ਼ਮ ਮੁਲਾਂਕਣ ਅਤੇ ਕੁਸ਼ਲ ਦਾਅਵਿਆਂ ਦੇ ਨਿਪਟਾਰੇ ਵਿੱਚ ਸ਼ੁੱਧਤਾ ਲਿਆਉਣ ਲਈ ਸੈਟੇਲਾਈਟ ਰਿਮੋਟ ਸੈਂਸਿੰਗ, ਭੂਗੋਲਿਕ ਸੂਚਨਾ ਪ੍ਰਣਾਲੀ (GIS) ਅਤੇ ਮੋਬਾਈਲ ਆਧਾਰਤ ਛੋਟੇ ਵਿਸ਼ਲੇਸ਼ਣ ਵਿੱਚ ਨਵੀਂ ਡਿਜ਼ੀਟਲ ਦਖ਼ਲਅੰਦਾਜ਼ੀ ਨੂੰ ਉੱਚ ਪੱਧਰੀ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਤਕਨਾਲੋਜੀਆਂ ਨੂੰ ਏਕੀਕ੍ਰਿਤ ਕਰਨ ਅਤੇ ਨਵੀਂ ਡਿਜੀਟਲ ਦਖ਼ਲਅੰਦਾਜ਼ੀ ਨੂੰ ਪੇਸ਼ ਕਰਨ ਦੀ ਜ਼ਰੂਰਤ ਹੈ । YES-TECH (ਤਕਨਾਲੋਜੀ 'ਤੇ ਆਧਾਰਤ ਉਪਜ ਅਨੁਮਾਨ ਪ੍ਰਣਾਲੀ) ਫ਼ਸਲਾਂ ਦੀ ਪੈਦਾਵਾਰ ਦਾ ਅੰਦਾਜ਼ਾ ਲਗਾਉਣ ਲਈ ਸੈਟੇਲਾਈਟ ਡੇਟਾ ਅਤੇ ਉੱਨਤ ਵਿਸ਼ਲੇਸ਼ਣ ਨੂੰ ਏਕੀਕ੍ਰਿਤ ਕਰਦਾ ਹੈ ਜੋ ਬੀਮਾ ਭੁਗਤਾਨਾਂ ਦੀ ਗਣਨਾ ਕਰਨ ਲਈ ਬੁਨਿਆਦੀ ਹੈ ।

CROPIC (ਰੀਅਲ-ਟਾਈਮ ਨਿਰੀਖਣਾਂ ਅਤੇ ਫ਼ਸਲਾਂ ਦੀਆਂ ਫੋਟੋਆਂ ਦਾ ਸੰਗ੍ਰਹਿ) ਪਹਿਲਕਦਮੀ ਮੋਬਾਈਲ ਫੋਟੋਆਂ ਦੀ ਵਰਤੋਂ ਕਰਕੇ ਅਸਲ ਸਮੇਂ ਦੇ ਡੇਟਾ ਦੁਆਰਾ ਸੰਚਾਲਿਤ ਫੀਡਬੈਕ ਪ੍ਰਦਾਨ ਕਰਦੇ ਹੋਏ ਤਣਾਅ ਅਤੇ ਨੁਕਸਾਨਾਂ ਦਾ ਸਹੀ ਮੁਲਾਂਕਣ ਕਰ ਸਕਦੀ ਹੈ । NDVI (ਆਮ ਅੰਤਰ ਬਨਸਪਤੀ ਸੂਚਕਾਂਕ) ਮੁੱਲਾਂ ਨੂੰ ਨਿਰਧਾਰਤ ਕਰਨ ਲਈ ਮਲਟੀਸਪੈਕਟ੍ਰਲ ਤੇ ਥਰਮਲ ਸੈਂਸਰਾਂ ਦੀ ਵਰਤੋਂ ਗੜੇਮਾਰੀ, ਕੀੜਿਆਂ ਤੇ ਬਿਮਾਰੀਆਂ ਕਾਰਨ ਹੋਏ ਨੁਕਸਾਨ ਨੂੰ ਸਹੀ ਢੰਗ ਨਾਲ ਨਿਰਧਾਰਤ ਕਰ ਸਕਦੀ ਹੈ । ਏਆਈ ਦਾ ਏਕੀਕਰਨ ਦਸਤੀ ਪ੍ਰਕਿਰਿਆਵਾਂ 'ਤੇ ਨਿਰਭਰਤਾ ਨੂੰ ਘਟਾਉਣ ਲਈ ਮੌਜੂਦਾ ਤਕਨਾਲੋਜੀ ਦਾ ਲਾਭ ਵੀ ਉਠਾਵੇਗਾ, ਗਲਤੀਆਂ ਨੂੰ ਘੱਟ ਕਰੇਗਾ ਤੇ ਭਾਗੀਦਾਰ ਕਿਸਾਨਾਂ ਦੀ ਸੰਤੁਸ਼ਟੀ ਲਈ ਸਮੇਂ ਸਿਰ ਅਤੇ ਪਾਰਦਰਸ਼ੀ ਦਾਅਵਿਆਂ ਦੇ ਨਿਪਟਾਰੇ ਨੂੰ ਯਕੀਨੀ ਬਣਾਏਗਾ । ਹਾਲੀਆ ਹੜ੍ਹਾਂ ਤੋਂ ਸਬਕ ਲੈਣ ਦੀ ਲੋੜ ਹੈ । ਭਾਰੀ ਨੁਕਸਾਨ ਦੇ ਮੱਦੇਨਜ਼ਰ ਬਹੁਤ ਹੀ ਨਾਕਾਫ਼ੀ ਸਹਾਇਤਾ ਨੇ ਪੰਜਾਬ ਸਰਕਾਰ ਦੇ ਇਸ ਵਿਚਾਰ ਨੂੰ ਨਕਾਰ ਦਿੱਤਾ ਹੈ ਕਿ ਜਦੋਂ ਉਹ ਲੋੜ ਹੋਣ 'ਤੇ ਨਕਦ ਵੰਡ ਜਾਂ ਕੁੱਝ ਮੁਆਵਜ਼ੇ ਰਾਹੀਂ ਸਥਿਤੀ ਦਾ ਪ੍ਰਬੰਧਨ ਕਰ ਸਕਦੀ ਹੈ ਤਾਂ ਉਸ ਨੂੰ ਕਿਸੇ ਵੀ ਫ਼ਸਲ ਬੀਮਾ ਯੋਜਨਾ ਲਈ ਸਬਸਿਡੀ ਪ੍ਰੀਮੀਅਮ ਕਿਉਂ ਅਦਾ ਕਰਨਾ ਚਾਹੀਦਾ ਹੈ । ਇਸ ਦੀ ਬਜਾਏ, ਇੱਕ ਮਜ਼ਬੂਤ ਫ਼ਸਲ ਬੀਮਾ ਯੋਜਨਾ ਨੂੰ ਵਿਹਾਰਕ ਤੇ ਆਕਰਸ਼ਕ ਬਣਾਉਣ ਲਈ ਇਹ ਬਿਹਤਰ ਹੋਵੇਗਾ ਜੇ ਪੰਜਾਬ ਰਾਜ ਘੱਟੋ-ਘੱਟ ਛੋਟੇ ਤੇ ਸੀਮਾਂਤ ਕਿਸਾਨਾਂ ਲਈ ਪ੍ਰੀਮੀਅਮ ਮੁਫ਼ਤ ਕਰ ਕੇ ਇੱਕ ਉਦਾਹਰਨ ਕਾਇਮ ਕਰੇ ।





# ਤਰੱਕੀ ਦਾ ਰਾਹ - ਕਿਸਾਨ ਮੇਲਾ

ਕਮਲਪ੍ਰੀਤ ਕੌਰ ਅਤੇ ਦਵਿੰਦਰ ਤਿਵਾੜੀ, ਪਸਾਰ ਸਿੱਖਿਆ ਵਿਭਾਗ, ਪੀ. ਏ. ਯੂ., ਲੁਧਿਆਣਾ

**ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਇਸ ਦੇ ਵੱਖ-ਵੱਖ ਕੇਂਦਰਾਂ ਵਿੱਚ ਲਗਾਏ ਜਾਂਦੇ ਮੇਲਿਆਂ ਵਿੱਚ ਕਿਸਾਨਾਂ ਦੇ ਠਾਠਾਂ ਮਾਰਦੇ ਇਕੱਠ, ਇਹਨਾਂ ਮੇਲਿਆਂ ਪ੍ਰਤੀ ਉਤਸ਼ਾਹ ਦੀ ਤਸਵੀਰ ਪੇਸ਼ ਕਰਦੇ ਹਨ । ਕਿਸਾਨਾਂ ਦਾ ਇਹਨਾਂ ਮੇਲਿਆਂ ਵਿੱਚ ਭਾਗ ਲੈਣਾ ਪੰਜਾਬ ਦੀ ਵਿਕਾਸਮਈ ਕਿਰਸਾਨੀ ਸੋਚ ਦੀ ਜਿਉਂਦੀ ਜਾਗਦੀ ਮਿਸਾਲ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਕਿਸਾਨ ਮੇਲੇ ਸਤੰਬਰ ਮਹੀਨੇ ਵਿੱਚ ਸ਼ੁਰੂ ਹੋ ਜਾਂਦੇ ਹਨ ।**

ਪੰਜਾਬ ਅਤੇ ਪੰਜਾਬੀਆਂ ਨੇ ਬੇਸ਼ੱਕ ਲੱਖਾਂ ਮੁਸੀਬਤਾਂ ਆਪਣੇ ਪਿੰਡੇ 'ਤੇ ਹੰਢਾਈਆਂ ਹਨ, ਪਰ ਫਿਰ ਵੀ ਖੁਸ਼ਦਿਲੀ ਤੇ ਮਿਹਨਤ ਦੀ ਤਾਸੀਰ ਪੰਜਾਬੀਆਂ ਨੂੰ ਚੜ੍ਹਦੀ ਕਲਾ ਵਿੱਚ ਰੱਖਦੀ ਹੈ । ਪੰਜਾਬ ਸੂਬਾ ਧਰਤੀ ਦਾ ਉਹ ਜਰਖੇਜ਼ ਖਿੱਤਾ ਹੈ, ਜਿਸ ਦੇ ਆਬੋ-ਹਵਾ ਵਿੱਚ ਹੀ ਇੰਨੀ ਤਾਕਤ ਹੈ ਕਿ ਇਸ 'ਤੇ ਵੱਸਣ ਵਾਲੇ ਪੰਜਾਬੀ ਸੁਭਾਅ ਪੱਖੋਂ ਖੁਸ਼ਦਿਲ, ਫਿਤਰਤ ਪੱਖੋਂ ਮਿਹਨਤੀ ਅਤੇ ਜੁੱਸੇ ਪੱਖੋਂ ਸਡੌਲ ਅਤੇ ਅਗਾਂਵਧੂ ਸੋਚ ਰੱਖਣ ਵਾਲੇ ਹੁੰਦੇ ਹਨ । ਪੰਜਾਬੀ ਮੁੱਢ ਤੋਂ ਹੀ ਮੇਲਿਆਂ ਦੇ ਸ਼ੌਕੀਨ ਰਹੇ ਹਨ । ਕਿਸਾਨ ਦੀ ਫ਼ਸਲ ਜਦ ਸੁੱਖੀ-ਸਾਂਦੀ ਸਿਰੇ ਚੜ੍ਹ ਜਾਂਦੀ ਹੈ ਤਾਂ ਕਿਸਾਨ ਦੇ ਚਿਹਰੇ 'ਤੇ ਇੱਕ ਵੱਖਰੀ ਹੀ ਖ਼ੁਸ਼ੀ ਹੁੰਦੀ ਹੈ, ਇੱਕ ਵੱਖਰਾ ਚਾਅ-ਮਲਾਰ ਹੁੰਦਾ ਹੈ । ਜਿਹੜਾ ਤਿਲ-ਫੁੱਲ ਉਹ ਫ਼ਸਲ ਵਿੱਚੋਂ ਕਮਾਉਂਦਾ ਹੈ, ਉਸ ਵਿੱਚੋਂ ਦੋ-ਚਾਰ ਦਮੜੇ ਉਹ ਮੇਲਿਆਂ-ਛਿੰਝਾਂ 'ਤੇ ਲਾ ਕੇ ਹੋਰ ਵੀ ਖ਼ੁਸ਼ ਹੋ ਜਾਂਦਾ ਹੈ, ਜੋ ਸਾਡੇ ਕਿਸਾਨ ਦੀ ਦਰਿਆ-ਦਿਲੀ ਦੀ ਮਿਸਾਲ ਹੈ । ਅਜੋਕੇ ਯੁੱਗ ਵਿੱਚ ਹਿਦਾਇਤੀ ਮੇਲਿਆਂ ਦੀ ਕਤਾਰ ਵਿੱਚ ਵਿਗਿਆਨਕ ਮੇਲਿਆਂ ਨੇ ਵੀ ਆਪਣੀ ਥਾਂ ਬਣਾ ਲਈ ਹੈ । ਕੁੱਝ ਇਸ ਤਰ੍ਹਾਂ ਦਾ ਹੀ ਰੰਗ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਲੋਂ ਲਗਾਏ ਜਾਂਦੇ ਕਿਸਾਨ ਮੇਲਿਆਂ ਵਿੱਚ ਦੇਖਣ ਨੂੰ ਮਿਲਦਾ ਹੈ । ਕਿਸਾਨ ਮੇਲਿਆਂ ਦੀ ਸ਼ੁਰੂਆਤ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਸੰਨ 1967 ਵਿੱਚ ਕੀਤੀ ਗਈ ਸੀ । ਇਨ੍ਹਾਂ ਕਿਸਾਨ ਮੇਲਿਆਂ ਦੀ ਹਰੀ-ਕ੍ਰਾਂਤੀ ਨੂੰ ਸਫ਼ਲ ਬਣਾਉਣ ਵਿੱਚ ਦੀਵੇ ਦੀ ਬੱਤੀ ਵਾਲੀ ਭੂਮਿਕਾ ਨਿਭਾਈ ਅਤੇ ਹਰੀ-ਕ੍ਰਾਂਤੀ ਦੇ ਦੀਵੇ ਨਾਲ ਰੋਸ਼ਨ ਹੋਏ ਮੁਲਕ ਦੇ ਹੱਥ ਫ਼ੜਿਆ ਕਟੋਰਾ ਛੁੱਟਿਆ । ਵਿਗਿਆਨਕ ਮੇਲੇ 'ਪੰਜਾਬ ਐਗਰੀਕਲਚਰਲ ਯੂਨੀਵਰਸਿਟੀ' ਵੱਲੋਂ ਸਾਲ ਵਿੱਚ ਦੋ ਵਾਰ 'ਸਾਉਣੀ ਦੀਆਂ ਫ਼ਸਲਾਂ' ਸੰਬੰਧੀ ਮਾਰਚ ਦੇ ਮਹੀਨੇ ਅਤੇ 'ਹਾੜ੍ਹੀ ਦੀਆਂ ਫ਼ਸਲਾਂ' ਸੰਬੰਧੀ ਸਤੰਬਰ ਦੇ ਮਹੀਨੇ ਲਗਾਏ ਜਾਂਦੇ ਹਨ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਇਸ ਦੇ ਵੱਖ-ਵੱਖ ਕੇਂਦਰਾਂ ਵਿੱਚ ਲਗਾਏ ਜਾਂਦੇ ਮੇਲਿਆਂ ਵਿੱਚ ਕਿਸਾਨਾਂ ਦੇ ਠਾਠਾਂ ਮਾਰਦੇ ਇਕੱਠ, ਇਹਨਾਂ ਮੇਲਿਆਂ ਪ੍ਰਤੀ ਉਤਸ਼ਾਹ ਦੀ ਤਸਵੀਰ ਪੇਸ਼ ਕਰਦੇ ਹਨ । ਕਿਸਾਨਾਂ ਦਾ ਇਹਨਾਂ ਮੇਲਿਆਂ ਵਿੱਚ ਭਾਗ ਲੈਣਾ ਪੰਜਾਬ ਦੀ ਵਿਕਾਸਮਈ ਕਿਰਸਾਨੀ ਸੋਚ ਦੀ ਜਿਉਂਦੀ ਜਾਗਦੀ ਮਿਸਾਲ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਕਿਸਾਨ ਮੇਲੇ ਸਤੰਬਰ ਮਹੀਨੇ ਵਿੱਚ ਸ਼ੁਰੂ ਹੋ ਜਾਂਦੇ ਹਨ । ਇਹ ਮੇਲਾ 26-27 ਸਤੰਬਰ, 2025 ਨੂੰ ਪੀ. ਏ. ਯੂ., ਲੁਧਿਆਣਾ ਅਤੇ ਇਸ ਦੇ ਕਈ ਖੇਤਰੀ ਕੇਂਦਰਾਂ ਜਿਵੇਂ ਕਿ ਬਠਿੰਡਾ (30 ਸਤੰਬਰ 2025) ਵਿਖੇ ਆਯੋਜਿਤ ਕੀਤਾ ਜਾਵੇਗਾ । ਇਨ੍ਹਾਂ ਮੇਲਿਆਂ ਦਾ ਮੰਤਵ ਕਿਸਾਨ ਵੀਰਾਂ ਨੂੰ ਵਿਗਿਆਨਕ ਢੰਗ ਨਾਲ ਖੇਤੀਬਾੜੀ ਕਰਨ ਦੇ ਨਾਲ-ਨਾਲ ਕੁਦਰਤੀ ਸਰੋਤਾਂ ਦੀ ਬੱਚਤ ਕਰਨਾ, ਖੇਤੀ ਲਾਗਤਾਂ ਘਟਾਉਣਾ, ਹੱਥੀਂ ਮਿਹਨਤ ਕਰਨ ਬਾਰੇ ਸੰਦੇਸ਼ ਦਿੱਤੇ ਜਾਂਦੇ ਹਨ । ਇਸ ਤੋਂ ਇਲਾਵਾ ਨਿੱਤ ਜੀਵਨ ਦੇ ਖਰਚੇ ਕੱਢਣ ਲਈ ਸਹਾਇਕ ਧੰਦਿਆਂ ਨੂੰ ਅਪਣਾਉਣ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ । ਆਪਣੀ ਫ਼ਸਲ ਦੇ ਖ਼ੁਦ ਮੰਡੀਕਰਨ ਕਰਕੇ ਵਿਚੋਲਿਆਂ ਦੀ ਲੁੱਟ ਤੋਂ ਬਚਾਉਣ ਸੰਬੰਧੀ ਜਾਗਰੂਕ ਕਰਨਾ ਵੀ ਇਹੋ ਜਿਹੇ ਮੇਲਿਆਂ ਦਾ ਉਦੇਸ਼ ਹੁੰਦਾ ਹੈ ।

ਕਿਸਾਨਾਂ ਨੂੰ ਖੇਤੀਬਾੜੀ ਦੀਆਂ ਨਵੀਆਂ-ਨਵੀਆਂ ਖੋਜਾਂ ਅਤੇ ਤਕਨੀਕਾਂ ਬਾਰੇ ਜਾਗਰੂਕ ਕਰਨਾ ਅਤੇ ਆਉਣ ਵਾਲੀ ਰੁੱਤ ਲਈ ਕਿਸਾਨਾਂ ਨੂੰ ਸੁਧਰੀਆਂ ਕਿਸਮਾਂ ਦੇ ਬੀਜ ਮੁਹੱਈਆ ਕਰਨਾ ਵੀ ਇਹਨਾਂ ਮੇਲਿਆਂ ਦਾ ਅਹਿਮ ਪੱਖ ਹੁੰਦਾ ਹੈ । ਫ਼ਸਲਾਂ ਦੇ ਸੁਧਰੇ ਬੀਜਾਂ ਤੋਂ ਇਲਾਵਾ, ਕਿਸਾਨਾਂ ਨੂੰ ਫ਼ਲਦਾਰ ਬੂਟੇ, ਸਬਜ਼ੀਆਂ ਅਤੇ ਫੁੱਲਾਂ ਦੇ ਬੀਜ ਅਤੇ ਪਨੀਰੀ ਵੀ ਮੁਹੱਈਆ ਕਰਵਾਏ ਜਾਂਦੇ ਹਨ । ਕੁਦਰਤੀ ਸਰੋਤਾਂ ਦੀ ਬੱਚਤ ਲਈ ਸਿੰਚਾਈ ਸਾਧਨਾਂ ਦੀ ਸੁੱਚਜੀ ਵਰਤੋਂ, ਮਿੱਟੀ ਅਤੇ ਪਾਣੀ ਪਰਖ, ਜੀਵਾਣੂ ਖਾਦਾਂ, ਮੌਸਮ ਦੀ ਅਗਾਊਂ ਜਾਣਕਾਰੀ ਦੀ ਮਹੱਤਤਾ ਬਾਰੇ ਵਿਚਾਰ ਚਰਚਾ ਕੀਤੀ ਜਾਂਦੀ ਹੈ । ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵੱਲੋਂ ਫ਼ਸਲਾਂ, ਸਬਜੀਆਂ, ਫ਼ਲਾਂ, ਫੁਲਾਂ ਦੀਆਂ ਕਿਸਮਾਂ, ਪੈਦਾਵਾਰ ਤਕਨੀਕਾਂ, ਪੌਦ-ਸੁਰੱਖਿਆ ਤਕਨੀਕਾਂ ਅਤੇ ਖੇਤੀ ਜਿਣਸਾਂ ਤੋਂ ਬਣਨ ਵਾਲੇ ਵੱਖ-ਵੱਖ ਤਰ੍ਹਾਂ ਦੇ ਪਦਾਰਥਾਂ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆਂ ਹਨ । ਇਹ ਜਿਊਂਦੀਆਂ-ਜਾਗਦੀਆਂ ਪ੍ਰਦਰਸ਼ਨੀਆਂ ਕਿਸਾਨਾਂ ਦੇ ਮਨਾਂ ਤੇ ਗਹਿਰਾ ਪ੍ਰਭਾਵ ਛੱਡਦੀਆਂ ਹਨ । ਖੇਤੀ ਮਸ਼ੀਨਰੀ ਦੀ ਵਰਤੋਂ ਅਤੇ ਸੰਭਾਲ ਸੰਬੰਧੀ ਵੱਡਮੁੱਲੀ ਜਾਣਕਾਰੀ ਕਿਸਾਨਾਂ ਨੂੰ ਬਹੁਤ ਲਾਹੇਵੰਦ ਸਿੱਧ ਹੁੰਦੀ ਹੈ ।

ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਵੱਲੋਂ ਕਿਸਾਨ ਮੇਲਿਆਂ ਵਿੱਚ ਲਗਾਈਆਂ ਜਾਂਦੀਆਂ ਪ੍ਰਦਰਸ਼ਨੀਆਂ ਖੇਤੀਬਾੜੀ ਦੇ ਹਰੇਕ ਪਹਿਲੂ ਵਿੱਚ ਸਮੇਂ ਅਨੁਸਾਰ ਹੋਈ ਤਰੱਕੀ ਦੀ ਗਵਾਹੀ ਭਰਦੀਆਂ ਹਨ । ਖੇਤੀਬਾੜੀ ਦੇ ਸੰਦ-ਸਦੇੜੇ ਅਤੇ ਮਸ਼ੀਨਰੀ ਦੀਆਂ ਸਟਾਲਾਂ ਕਿਸਾਨ ਵੀਰਾਂ ਨੂੰ ਨਵੇਂ ਆਏ ਆਧੁਨਿਕ ਸੰਦਾਂ ਦੀ ਜਾਣਕਾਰੀ ਮੁਹੱਈਆ ਕਰਦੀਆਂ ਹਨ । ਮਸ਼ੀਨਰੀ ਦੀ ਵਰਤੋਂ ਦੀ ਵਿਧੀ ਅਤੇ ਖਰੀਦ ਮੁੱਲ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ । ਇਸ ਸਭ ਦੇ ਨਾਲ-ਨਾਲ, ਗ੍ਰਹਿ ਵਿਗਿਆਨ ਵਿਭਾਗ ਵੱਲੋਂ ਵੀ ਆਪਣੇ ਸਟਾਲਾਂ 'ਤੇ ਘਰੇਲੂ ਵਰਤੋਂ ਦੀਆਂ ਹੱਥ ਦੀਆਂ ਬਣੀਆਂ ਵੱਖ-ਵੱਖਰੀਆਂ ਵਸਤੂਆਂ ਦੀ ਪ੍ਰਦਰਸ਼ਨੀ ਲਗਾਈ ਜਾਂਦੀ ਹੈ, ਜੋ ਕਿ ਕਿਸਾਨ ਬੀਬੀਆਂ ਲਈ ਜਾਣਕਾਰੀ ਨਾਲ ਭਰਪੂਰ ਹੁੰਦੀ ਹੈ । ਇਨ੍ਹਾਂ ਸਟਾਲਾਂ 'ਤੇ ਕਿਸਾਨ ਬੀਬੀਆਂ ਲਈ ਯੂਨੀਵਰਸਿਟੀ ਵਲੋਂ ਲਾਏ ਜਾਂਦੇ ਸਿਖਲਾਈ ਕੋਰਸਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ । ਕਿਸਾਨ ਬੀਬੀਆਂ ਨੂੰ ਘਰੇਲੂ ਵਸਤੂਆਂ ਜਿਵੇਂ ਸਿਲਾਈ, ਕਢਾਈ, ਅਚਾਰ, ਚੱਟਣੀਆਂ, ਮੁਰੱਬੇ ਆਦਿ ਬਣਾਉਣ ਦੀਆਂ ਵਿਧੀਆਂ ਅਤੇ ਇਨ੍ਹਾਂ ਦੇ ਮੰਡੀਕਰਨ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ, ਤਾਂ ਜੋ ਉਹ ਆਪਣੇ ਪਰਿਵਾਰ ਦੀ ਆਮਦਨ ਵਿੱਚ ਵਾਧਾ ਕਰ ਸਕਣ । ਇਸ ਤੋਂ ਇਲਾਵਾ ਪੌਸ਼ਟਿਕ ਭੋਜਨ ਬਾਰੇ ਵੀ ਦੱਸਿਆ ਜਾਂਦਾ ਹੈ ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਛਪਦਾ ਮਹੀਨਾਵਾਰ ਰਸਾਲਾ, 'ਚੰਗੀ ਖੇਤੀ' ਪੰਜਾਬੀ ਵਿੱਚ ਅਤੇ 'ਪ੍ਰੋਗਰੈਸਿਵ ਫਾਰਮਿੰਗ' ਅੰਗਰੇਜ਼ੀ ਵਿੱਚ ਹਰ ਮਹੀਨੇ ਖੇਤੀਬਾੜੀ ਨਾਲ ਸੰਬੰਧਿਤ ਜਾਣਕਾਰੀ ਲੈ ਕੇ ਆਉਣਾ ਹੈ । ਕਿਸਾਨ ਮੇਲੇ ਵਿੱਚ ਇਸ ਰਸਾਲੇ ਦੇ ਮੈਂਬਰ ਬਣਨ ਲਈ ਖ਼ਾਸ ਤੌਰ 'ਤੇ ਸਟਾਲ ਲੱਗਿਆ ਹੁੰਦਾ ਹੈ, ਜਿੱਥੇ ਕਿਸਾਨ ਵੀਰ ਇਸ ਰਸਾਲੇ ਦੀ ਮੈਂਬਰਸ਼ਿਪ ਲੈ ਸਕਦੇ ਹਨ, ਜਿਸ ਨਾਲ ਹਰ ਮਹੀਨੇ ਵਿਗਿਆਨਕ ਜਾਣਕਾਰੀ ਖ਼ੁਦ ਤੁਹਾਡੇ ਘਰ ਡਾਕ ਰਾਹੀਂ, ਇਸ ਰਸਾਲੇ ਦੇ ਰੂਪ ਵਿੱਚ ਪਹੁੰਚ ਜਾਇਆ ਕਰੇਗੀ । ਇਸ ਤੋਂ ਇਲਾਵਾ ਹਾੜ੍ਹੀ ਅਤੇ ਸਾਉਣੀ ਦੀਆਂ ਫ਼ਸਲਾਂ ਦੀ ਕਾਸ਼ਤ ਤਕਨੀਕਾਂ ਲਈ, ਯੂਨੀਵਰਸਿਟੀ ਵੱਲੋਂ ਛਪੀਆਂ ਕਿਤਾਬਾਂ 'ਪੰਜਾਬ ਦੀਆਂ ਫ਼ਸਲਾਂ ਲਈ ਫ਼ਸਲਾਂ ਸਿਫ਼ਾਰਿਸ਼ਾਂ - ਸਾਉਣੀ/ਹਾੜ੍ਹੀ' ਵੀ ਖਰੀਦੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿੱਚ ਫ਼ਸਲ ਦੀ ਬਿਜਾਈ, ਸਿਫ਼ਾਰਿਸ਼ ਕੀਤੀਆਂ ਕਿਸਮਾਂ ਤੋਂ ਲੈ ਕੇ ਫ਼ਸਲ ਦੀ ਵਾਢੀ ਤੱਕ ਹਰ ਅਹਿਮ ਜਾਣਕਾਰੀ ਦਿੱਤੀ ਗਈ ਹੈ । ਇਨ੍ਹਾਂ ਕਿਤਾਬਾਂ ਦੇ ਸਟਾਲ ਮੇਲਾ ਗਰਾਉਂਡ ਵਿੱਚ ਵੜਨ ਸਾਰ ਹੀ ਕਿਸਾਨ ਵੀਰਾਂ ਦੀ ਨਜ਼ਰੀਂ ਪੈ ਜਾਂਦੇ ਹਨ । ਇਸ ਤੋਂ ਇਲਾਵਾ ਲੁਧਿਆਣਾ ਵਿੱਚ ਲੱਗੇ ਕਿਸਾਨ ਮੇਲੇ ਦੇ ਨਾਲ-ਨਾਲ ਦੋ ਦਿਨਾਂ ਪਸ਼ੂ ਪਾਲਣ ਮੇਲਾ 'ਗੁਰੂ ਅੰਗਦ ਦੇਵ ਵੈਟੇਰਨਰੀ ਅਤੇ ਐਨੀਮਲ ਸਾਇੰਸਸ ਯੂਨੀਵਰਸਿਟੀ' ਵਿੱਚ ਲਗਾਇਆ ਜਾਂਦਾ ਹੈ ਅਤੇ ਇਸ ਮੇਲੇ ਵਿੱਚ ਦੁਧਾਰੂ ਪਸ਼ੂਆਂ ਦੀਆਂ ਪ੍ਰਦਰਸ਼ਨੀਆਂ ਆਦਿ ਖ਼ਾਸ ਤੌਰ 'ਤੇ ਕਿਸਾਨ ਵੀਰਾਂ ਲਈ ਲਗਾਈਆਂ

ਬਾਕੀ ਸਫਾ 10 'ਤੇ



# ਪੰਜਾਬ ਨੂੰ ਹੜ੍ਹਾਂ ਤੋਂ ਬਚਾਉਣ ਲਈ ਵਿਆਪਕ ਯੋਜਨਾਬੰਦੀ ਸਮੇਂ ਦੀ ਲੋੜ

ਡਾ. ਮਨਮੋਹਨਜੀਤ ਸਿੰਘ,
ਭੂਮੀ ਵਿਗਿਆਨ ਅਤੇ ਡੀਨ,
ਪੀ. ਏ. ਯੂ.-ਖੇਤੀਬਾੜੀ ਕਾਲਜ,
ਬੱਲੋਵਾਲ ਸੌਂਖੜੀ
(ਮੋ. 98880-14851)

ਪੰਜਾਬ, ਦੇਸ਼ ਦਾ ਅੰਨ ਭੰਡਾਰ ਹੀ ਨਹੀਂ, ਇਸ ਦਾ ਰਾਖਾ ਵੀ ਹੈ । ਇੱਥੇ ਦਰਿਆਵਾਂ ਰਾਹੀਂ ਆਈ ਉਪਜਾਊ ਮਿੱਟੀ, ਸਾਫ਼ ਪਾਣੀ ਤੇ ਅਨੁਕੂਲ ਮੌਸਮ ਜਿੱਥੇ ਖੇਤੀ ਲਈ ਸਹਾਈ ਹੋਇਆ, ਉਥੇ ਮਿਹਨਤੀ ਕਿਸਾਨਾਂ, ਖੇਤੀ ਖੋਜ 'ਤੇ ਸਮੇਂ ਦੀਆਂ ਸਰਕਾਰਾਂ ਦੀਆਂ ਅਨਾਜ ਪੈਦਾਵਾਰ ਵਧਾਉਣ ਦੀਆਂ ਨੀਤੀਆਂ ਨੇ ਪੰਜਾਬ ਵਿੱਚ ਹਰਾ ਇੰਨਕਲਾਬ ਲਿਆ ਕੇ ਦੇਸ਼ ਦੇ ਕਰੋੜਾਂ ਨਾਗਰਿਕਾਂ ਦਾ ਢਿੱਡ ਭਰਨ ਦਾ ਕੰਮ ਕੀਤਾ । ਪਹਾੜਾਂ ਦੇ ਪੈਰਾਂ ਵਿੱਚ ਵਸਿਆ ਹੋਣ ਕਰਕੇ ਪੰਜਾਬ ਨੂੰ ਜਿੱਥੇ ਦਰਿਆਵਾਂ ਨੇ ਉਪਜਾਊ ਮਿੱਟੀ ਦਿੱਤੀ, ਉੱਥੇ ਦਰਿਆਵਾਂ ਵਿੱਚ ਆਉਂਦੇ ਹੜ੍ਹਾਂ ਕਾਰਨ ਭਿਆਨਕ ਤਬਾਹੀ ਵੀ ਇਸ ਦੇ ਹਿੱਸੇ ਹੀ ਆਈ । ਪੰਜਾਬ ਦਾ ਲਗਭਗ 25 ਫ਼ੀਸਦੀ ਇਲਾਕਾ ਹੜ੍ਹਾਂ ਦੀ ਮਾਰ ਹੇਠ ਆਉਣ ਵਾਲਾ ਹੈ । ਇਸ ਵਾਰ ਪੰਜਾਬ ਦੇ ਲਗਭਗ 2000 ਪਿੰਡਾਂ ਦੇ ਘਰਾਂ ਤੇ 4 ਲੱਖ ਏਕੜ ਫ਼ਸਲ ਨੂੰ ਹੜ੍ਹਾਂ ਦੀ ਭਿਆਨਕ ਮਾਰ ਪਈ ਹੈ । ਇਨ੍ਹਾਂ ਹੜ੍ਹਾਂ ਕਾਰਨ ਸਾਰੀ ਦੁਨੀਆਂ ਵਿੱਚ ਵਸਦੇ ਪੰਜਾਬੀ ਚਿੰਤਤ ਹਨ, ਜੋ ਦੁਨੀਆਂ ਵਿੱਚ ਕਿਤੇ ਵੀ ਮੁਸੀਬਤ ਆਉਣ 'ਤੇ ਸਹਾਇਤਾ ਕਰਨ ਲਈ ਸਭ ਤੋਂ ਮੂਹਰੇ ਰਹਿੰਦੇ ਹਨ । ਸਮਾਜ ਸੇਵੀ ਸੰਸਥਾਵਾਂ ਤੇ ਸੋਸ਼ਲ ਮੀਡੀਆ ਨੇ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਇੱਕ ਵੱਡੀ ਮੁਹਿੰਮ ਖੜ੍ਹੀ ਕੀਤੀ ਤਾਂ ਸਮਾਜ ਦਾ ਹਰ ਵਰਗ ਵਿਸ਼ੇਸ਼ਕਰ ਪੰਜਾਬੀ ਕਲਾਕਾਰ ਇਸ ਔਖੀ ਘੜੀ ਵਿੱਚ ਸਭ ਤੋਂ ਅੱਗੇ ਹੋ ਕੇ ਮਦਦ ਲਈ ਬਹੁੜੇ ਹਨ ।

ਇਨ੍ਹਾਂ ਹੜ੍ਹਾਂ ਨੇ ਪੰਜਾਬੀਆਂ ਦੇ ਮਨਾਂ ਵਿੱਚ ਬਹੁਤ ਸਾਰੇ ਤੌਖਲੇ ਪੈਦਾ ਕੀਤੇ ਹਨ, ਉਹ ਹੜ੍ਹਾਂ ਲਈ ਡੈਮਾਂ, ਦਰਿਆਵਾਂ, ਨਾਲਿਆਂ ਦੀ ਸਫ਼ਾਈ ਨਾ ਹੋਣ ਨੂੰ ਦੋਸ਼ੀ ਠਹਿਰਾਅ ਰਹੇ ਹਨ । ਹੜ੍ਹ ਪ੍ਰਭਾਵਿਤ ਲੋਕਾਂ ਦੇ ਬਚਾਅ ਤੇ ਮੁੜ ਵਸੇਵੇਂ ਲਈ ਯਤਨ ਕਰਨ ਦੌਰਾਨ ਇੱਕ ਵੱਡਾ ਪ੍ਰਸ਼ਨ ਹਰ ਪੰਜਾਬੀ ਦੇ ਮਨ ਵਿੱਚ ਹੈ ਕਿ ਆਉਣ ਵਾਲੇ ਸਮਿਆਂ ਲਈ ਇਸ ਸਾਰੇ ਵਾਕਿਆਂ ਤੋਂ ਸਬਕ ਲੈਂਦਿਆਂ ਕੀ-ਕੀ ਇੰਤਜ਼ਾਮ ਕੀਤੇ ਜਾਣੇ ਚਾਹੀਦੇ ਹਨ ? ਅਸੀਂ ਇਨ੍ਹਾਂ ਇੰਤਜ਼ਾਮਾਂ ਨੂੰ 3 ਹਿੱਸਿਆਂ ਵਿੱਚ ਵੰਡ ਸਕਦੇ ਹਾਂ ਤੁਰੰਤ ਕਰਨ ਵਾਲੇ ਕੰਮ, ਜਲਦੀ ਕਰਨ ਵਾਲੇ ਕੰਮ ਅਤੇ ਲੰਮੇ ਸਮੇਂ ਦੀ ਯੋਜਨਾਬੰਦੀ ।

ਤੁਰੰਤ ਕਰਨ ਵਾਲੇ ਕੰਮ ਕਿਸੇ ਵੀ ਹੜ੍ਹ-ਪੀੜ੍ਹਤ ਇਲਾਕੇ ਵਿੱਚ ਸਭ ਤੋਂ ਪਹਿਲਾ ਕੰਮ ਮਨੁੱਖੀ ਜਾਨਾਂ ਤੇ ਪਸ਼ੂਆਂ ਦੀ ਜਾਨ ਦੀ ਹਿਫਾਜ਼ਤ ਕਰਨੀ ਅਤੇ ਹੜ੍ਹ-ਪ੍ਰਭਾਵਿਤ ਇਲਾਕੇ ਵਿੱਚ ਰਾਸ਼ਨ, ਪੀਣ ਵਾਲਾ ਪਾਣੀ, ਹੋਰ ਜ਼ਰੂਰੀ ਵਸਤਾਂ ਤੇ ਕੱਪੜੇ ਆਦਿ ਉਪਲੱਬਧ ਕਰਵਾਉਣੇ ਹੁੰਦੇ ਹਨ, ਸਾਡੀਆਂ ਸੰਸਥਾਵਾਂ ਨੇ ਇਹ ਕੰਮ ਬਹੁਤ ਤੇਜ਼ੀ ਨਾਲ ਕਰਦਿਆਂ ਅਨੇਕਾਂ ਮਨੁੱਖੀ ਜਾਨਾਂ ਤੇ ਪਸ਼ੂਆਂ ਦੀਆਂ ਜਾਨਾਂ ਬਚਾਅ ਲਈਆਂ ਹਨ । ਇਸ ਤੋਂ ਅਗਲਾ ਕੰਮ ਹੜ੍ਹ ਮਾਰੇ ਇਲਾਕਿਆਂ ਵਿੱਚੋਂ ਲੋਕਾਂ ਤੇ ਪਸ਼ੂਆਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਆ ਕੇ ਉਨ੍ਹਾਂ ਦੇ ਰਹਿਣ ਤੇ ਖਾਣ-ਪੀਣ ਦਾ ਅਸਥਾਈ ਪ੍ਰਬੰਧ ਕਰਨਾ, ਹੜ੍ਹਾਂ ਦੇ ਪਾਣੀ ਨਾਲ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਕਰਨੀ ਬਹੁਤ ਮਹੱਤਵਪੂਰਨ ਹੁੰਦੀ ਹੈ । ਭਾਵੇਂ ਸਮਾਜ ਸੇਵੀ ਸੰਸਥਾਵਾਂ ਨੇ ਬੇਮਿਸਾਲ ਪ੍ਰਬੰਧ ਕੀਤੇ ਹਨ, ਪਰ ਸੰਸਥਾਵਾਂ ਦੀ ਆਪਸੀ ਤਾਲਮੇਲ ਦੀ ਘਾਟ ਕਾਰਨ ਵੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ । ਇਸ ਸਮੇਂ ਇਲਾਕਾ ਪੱਧਰ 'ਤੇ ਸਭ ਮਹਿਕਮਿਆਂ ਤੇ ਸਮਾਜ ਸੇਵੀ ਸੰਸਥਾਵਾਂ ਵਿਚਾਲੇ ਤਾਲਮੇਲ ਦੀ ਲੋੜ ਹੈ, ਇਸ ਕੰਮ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੋਹਰੀ ਰੋਲ ਨਿਭਾਉਣਾ ਹੋਵੇਗਾ ।

### ਜਲਦੀ ਕਰਨ ਵਾਲੇ ਹੋਰ ਕੰਮ

ਪਾਣੀ ਉਤਰਨ ਬਾਅਦ ਪਿੰਡ ਪੱਧਰ 'ਤੇ ਘਰ-ਘਰ ਹੋਏ ਨੁਕਸਾਨ, ਫ਼ਸਲਾਂ ਤੇ ਖੇਤਾਂ ਦੇ ਹੋਏ ਨੁਕਸਾਨ ਦਾ ਅਨੁਮਾਨ ਲਗਾਉਣ ਤੋਂ ਇਲਾਵਾ ਘਰਾਂ ਦਾ ਸੁਰੱਖਿਆ ਆਡਿਟ ਕਰਕੇ ਹੜ੍ਹ ਪੀੜ੍ਹਤਾਂ ਦੀ ਜਲਦੀ ਘਰ ਵਾਪਸੀ ਇੱਕ ਅਹਿਮ ਪੱਖ ਹੋਵੇਗਾ । ਘਰਾਂ ਵਿੱਚੋਂ ਗਾਰ ਕੱਢਣ, ਹੜ੍ਹਾਂ ਦੇ ਪਾਣੀ ਨਾਲ ਘਰਾਂ ਦੇ ਖਰਾਬ ਹੋਏ ਸਮਾਨ ਦੀ ਜਗ੍ਹਾ ਨਵੇਂ ਸਮਾਨ ਦਾ ਪ੍ਰਬੰਧ ਕਰਨ ਅਤੇ ਛੱਤਾਂ, ਕੰਧਾਂ ਤੇ ਫ਼ਰਸ਼ਾਂ ਦੀ ਮੁਰੰਮਤ 'ਤੇ ਵੀ ਵੱਡਾ ਖ਼ਰਚਾ ਹੋਵੇਗਾ । ਖੇਤਾਂ ਵਿੱਚ ਆਈ ਰੇਤ ਤੇ ਮਿੱਟੀ ਨੂੰ ਹਟਾਉਣਾ ਅਤੇ ਟਿਊਬਵੈਲਾਂ ਤੇ ਬੋਰਾਂ ਨੂੰ ਠੀਕ ਕਰਵਾਉਣ ਤੇ ਕਈ ਥਾਵਾਂ 'ਤੇ ਖੇਤਾਂ ਦੀ ਹੱਦ-ਬੰਦੀ ਨੂੰ ਦੁਬਾਰਾ ਨਿਰਧਾਰਤ ਕਰਨਾ ਵੀ ਵੱਡੀਆਂ ਚੁਣੌਤੀਆਂ ਹੋਣਗੀਆਂ । ਪੰਜਾਬ ਕੈਬਨਿਟ ਵਲੋਂ ਲਿਆ ਗਿਆ ਫ਼ੈਸਲਾ ਕਿ ਕਿਸਾਨ ਆਪਣੇ ਖੇਤਾਂ ਵਿੱਚੋਂ ਹੜ੍ਹਾਂ ਨਾਲ ਆਈ ਰੇਤ ਨੂੰ ਵੇਚ ਸਕਦਾ ਹੈ, ਕੁੱਝ ਹੱਦ ਤੱਕ ਉਨ੍ਹਾਂ ਨੇ ਨੁਕਸਾਨ ਦੀ ਭਰਪਾਈ ਕਰ ਸਕਦਾ ਹੈ । ਭਾਵੇਂ ਹੜ੍ਹ ਪੀੜਤਾਂ ਨੂੰ ਪੰਜਾਬੀ ਕਲਾਕਾਰਾਂ, ਸੋਸ਼ਲ ਮੀਡੀਆ, ਸਮਾਜ ਸੇਵੀ ਸੰਸਥਾਵਾਂ ਤੇ ਕਾਰਸੇਵਾ ਵਾਲੇ ਸੇਵਾਦਾਰਾਂ ਨੇ ਵੱਡੇ ਪੱਧਰ 'ਤੇ ਰਾਹਤ ਪਹੁੰਚਾ ਕੇ ਔਖਾ ਸਮਾਂ ਸੰਭਾਲਿਆ ਹੈ । ਇਸ ਮੌਕੇ ਤਕਨੀਕੀ ਮਾਹਰਾਂ ਦੇ ਸਹਿਯੋਗ ਨਾਲ ਜੀ. ਪੀ. ਐੱਸ., ਸੀ. ਆਈ. ਐੱਸ., ਰਿਮੋਟ ਸੈਂਸਿੰਗ, ਮਨਸੂਈ ਬੁੱਧੀ (ਏ. ਆਈ.) ਤੇ ਵੈੱਬ ਬੇਸਡ ਐਪਲੀਕੇਸ਼ਨਾਂ ਬਣਾ ਕੇ ਹਰ ਪੀੜਿਤ ਤੱਕ ਪਹੁੰਚ ਬਣਾਉਣੀ ਜ਼ਰੂਰੀ ਹੈ । ਇਸ ਸਮੇਂ ਹਰ ਨਾਗਰਿਕ, ਸਮਾਜਿਕ ਸੰਸਥਾਵਾਂ, ਸਥਾਨਕ ਸ਼ਾਹੂਕਾਰ ਤੇ ਸੂਬਾ ਸਰਕਾਰ ਪੀੜਤਾਂ ਦੀ ਵੱਡੀ ਮਦਦ ਕਰ ਸਕਦੇ ਹਨ ।

### ਆਮ ਨਾਗਰਿਕ ਕੀ ਕਰੇ ?

ਆਉਣ ਵਾਲੇ ਸਮੇਂ ਵਿੱਚ ਹੜ੍ਹ ਨਾ ਆਉਣ ਜਾਂ ਉਨ੍ਹਾਂ ਦਾ ਅਸਰ ਘੱਟ ਕਰਨ ਲਈ ਹਰ ਨਾਗਰਿਕ ਵੱਧ ਤੋਂ ਵੱਧ ਦਰਖ਼ਤ ਲਗਾ ਕੇ ਉਨ੍ਹਾਂ ਦੀ ਸੰਭਾਲ ਕਰੇ । ਹਰ ਘਰ ਵਿੱਚ ਮੀਂਹ ਦੇ ਪਾਣੀ ਨੂੰ ਸੰਭਾਲ ਕੇ



ਉਸ ਦੀ ਮੁੜ ਵਰਤੋਂ ਲਈ ਢਾਂਚੇ ਬਣਾਏ ਜਾਣ ਜਾਂ ਪਾਣੀ ਦੇ ਜ਼ਮੀਨ ਵਿੱਚ ਜ਼ੀਰਨ ਦਾ ਪ੍ਰਬੰਧ ਕੀਤਾ ਜਾਵੇ । ਖੇਤਾਂ ਵਿੱਚ ਹਰ ਕਿਸਾਨ ਪੰਜਾਬ ਦੇ 4-5 ਕਿਸਮ ਦੇ ਵਿਰਾਸਤੀ ਦਰਖ਼ਤ ਲਗਾਏ ਤੇ 5-10 ਮਰਲੇ ਦਾ ਇੱਕ ਟੋਭਾ ਬਣਾ ਕੇ ਰੱਖੇ । ਇਹ ਟੋਭਾ ਮੀਂਹ ਦੇ ਪਾਣੀ ਨੂੰ ਜ਼ਮੀਨ ਵਿੱਚ ਜ਼ੀਰਨ ਵਿੱਚ ਸਹਾਇਤਾ ਕਰ ਸਕਦਾ ਹੈ ।

### ਪਿੰਡ ਪੱਧਰ 'ਤੇ ਉਪਰਾਲੇ

ਪੰਜਾਬ ਦੇ ਪਿੰਡਾਂ ਵਿੱਚ ਇਸ ਸਮੇਂ ਲਗਭਗ 20,000 ਛੱਪੜ ਹਨ । ਇਨ੍ਹਾਂ ਛੱਪੜਾਂ ਵਿੱਚ ਹੇਠਾਂ ਗਾਰ ਜਮ੍ਹਾਂ ਹੋਣ ਕਰਕੇ ਸਾਰਾ ਸਾਲ ਪਾਣੀ ਖੜ੍ਹਾ ਰਹਿੰਦਾ ਹੈ । ਇਹ ਛੱਪੜ ਬਰਸਾਤੀ ਪਾਣੀ ਜ਼ਮੀਨ ਵਿੱਚ ਪਾਉਣ ਲਈ ਬਹੁਤ ਢੁਕਵੇਂ ਹਨ । ਜੇਕਰ ਮਈ-ਜੂਨ ਵਿੱਚ ਛੱਪੜਾਂ ਵਿੱਚੋਂ ਮਿੱਟੀ-ਗਾਰਾ ਕੱਢ ਕੇ ਇਸ ਨੂੰ ਖੇਤਾਂ ਵਿੱਚ ਪਾਇਆ ਜਾਵੇ ਤਾਂ ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧਾ ਸਕਦੇ ਹਾਂ, ਮਿੱਟੀ ਕੱਢਣ ਨਾਲ ਮੀਂਹ ਦਾ ਪਾਣੀ ਜ਼ਮੀਨ ਵਿੱਚ ਤੇਜ਼ੀ ਨਾਲ ਜ਼ੀਰ ਜਾਵੇਗਾ । ਪੰਚਾਇਤਾਂ ਨੂੰ ਪਿੰਡ ਦੀਆਂ ਖਾਲੀ ਥਾਵਾਂ 'ਤੇ ਵੱਧ ਤੋਂ ਵੱਧ ਦਰਖ਼ਤ ਲਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ ।

### ਸ਼ਹਿਰੀ/ਸਥਾਨਕ ਸਰਕਾਰਾਂ ਦੇ ਉਪਰਾਲੇ

ਸ਼ਹਿਰਾਂ ਤੇ ਕਸਬਿਆਂ ਵਿੱਚ ਥੋੜ੍ਹਾ ਜਿਹਾ ਮੀਂਹ ਪੈਣ 'ਤੇ ਚਾਰੇ ਪਾਸੇ ਜਲ-ਥਲ ਹੋ ਜਾਂਦਾ ਹੈ, ਇਸ ਲਈ ਸ਼ਹਿਰੀ ਸਥਾਨਕ ਸਰਕਾਰਾਂ ਨੂੰ ਸ਼ਹਿਰਾਂ ਵਿੱਚ ਛੱਤਾਂ ਦਾ ਪਾਣੀ ਜ਼ਮੀਨ ਵਿੱਚ ਰੀਚਾਰਜ ਕਰਨ ਲਈ ਕਾਨੂੰਨ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ । ਸ਼ਹਿਰਾਂ ਦੇ ਨੀਵੇਂ ਇਲਾਕਿਆਂ ਵਿੱਚ ਪਾਣੀ ਨੂੰ ਜ਼ਮੀਨ ਵਿੱਚ ਰੀਚਾਰਜ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਇੰਜਨੀਅਰਾਂ ਵੱਲੋਂ ਵਿਕਸਿਤ ਕੀਤੇ ਮਾਡਲ ਨੂੰ ਅਪਨਾ ਕੇ ਢਾਂਚੇ ਬਣਾਉਣੇ ਚਾਹੀਦੇ ਹਨ । ਸ਼ਹਿਰਾਂ ਵਿੱਚ ਇੰਟਰਲਾਕ ਟਾਇਲਾਂ ਜਾਂ ਕੰਕਰੀਟ ਵਾਲੀਆਂ ਸੜਕਾਂ ਬਣਾਉਣ ਦੀ ਬਜਾਏ ਮੋਰੀਆਂ ਵਾਲੀਆਂ ਟਾਇਲਾਂ ਦੀ ਵਰਤੋਂ ਹੋਵੇ ਤਾਂ ਜੋ ਬਰਸਾਤੀ ਪਾਣੀ ਵੱਧ ਤੋਂ ਵੱਧ ਜ਼ਮੀਨ ਵਿੱਚ ਜ਼ੀਰ ਸਕੇ ।

### ਸਰਕਾਰੀ ਪੱਧਰ 'ਤੇ ਹੋਣ ਵਾਲੇ ਉਪਰਾਲੇ

ਸਰਕਾਰ ਵੱਡੇ ਪੱਧਰ 'ਤੇ ਮਾਹਰਾਂ ਦੀ ਸਲਾਹ ਨਾਲ ਯੋਜਨਾਬੰਦੀ ਤਿਆਰ ਕਰੇ । ਲੋਕਾਂ ਨੂੰ ਫ਼ਸਲ ਬੀਮਾ ਯੋਜਨਾ, ਪਸ਼ੂਆਂ ਦਾ ਬੀਮਾ ਤੇ ਘਰਾਂ ਦਾ ਬੀਮਾ ਆਦਿ ਕਰਵਾਉਣ ਲਈ ਉਤਸ਼ਾਹਿਤ ਕਰਨ ਲਈ ਆਪਣਾ ਢੁਕਵਾਂ ਹਿੱਸਾ ਪਾਵੇ ਤਾਂ ਹੜ੍ਹਾਂ ਤੋਂ ਬਾਅਦ ਹੋਣ ਵਾਲੇ ਨੁਕਸਾਨ ਦੀ ਪੂਰਤੀ ਲਈ ਸਰਕਾਰ ਨੂੰ ਘੱਟ ਪੈਸੇ ਖਰਚਣੇ ਪੈਣਗੇ । ਦਰਿਆਵਾਂ ਦੇ ਬੰਨ੍ਹਾਂ ਦੀ ਸਹੀ ਸਾਂਭ-ਸੰਭਾਲ ਕਰਨ ਤੋਂ ਇਲਾਵਾ ਰੇਤਾ-ਬਜਰੀ ਦੀ ਸਹੀ ਤਰੀਕੇ ਨਾਲ ਮਾਈਨਿੰਗ ਹੋਵੇ । ਪੰਜਾਬ ਦੇ ਕੰਢੀ ਇਲਾਕੇ ਵਿਚਲੇ ਦਰਿਆਵਾਂ ਤੇ ਚੋਆਂ ਵਿੱਚ ਥੋੜ੍ਹੇ-ਥੋੜ੍ਹੇ ਵਕਫ਼ੇ 'ਤੇ ਛੋਟੇ ਬੰਨ੍ਹ ਬਣਾਏ ਜਾਣ ਤਾਂ ਕਿ ਜ਼ਿਆਦਾ ਪਾਣੀ ਜ਼ਮੀਨਾਂ ਵਿੱਚ ਜ਼ੀਰ ਸਕੇ । ਕੰਢੀ ਇਲਾਕੇ ਵਿੱਚ ਬਾਂਸ ਤੇ ਹੋਰ ਬਨਸਪਤੀ ਉਗਾ ਕੇ ਬੰਨ੍ਹਾਂ ਤੇ ਹੋਰ ਭੂਮੀ ਦੀ ਰੱਖਿਆ ਦੇ ਪ੍ਰਬੰਧ ਕਰਕੇ ਪਾਣੀ ਦੀ ਰੋੜ੍ਹ ਘਟਾਈ ਜਾ ਸਕਦੀ ਹੈ ।

### ਹੜ੍ਹ ਮਾਰੇ ਖੇਤਰਾਂ ਲਈ ਪ੍ਰਬੰਧ

ਪੰਜਾਬ ਦੇ ਜਿਨ੍ਹਾਂ ਇਲਾਕਿਆਂ ਵਿੱਚ ਹੜ੍ਹ ਆਉਣ ਦਾ ਖ਼ਤਰਾ ਬਣਿਆ ਰਹਿੰਦਾ ਹੈ, ਉਨ੍ਹਾਂ ਦੀ ਰਿਮੋਟ ਸੈਂਸਿੰਗ ਡੈਟਾ ਨਾਲ ਇੱਕ ਵੱਖਰੀ ਯੋਜਨਾ ਬਣਾਈ ਜਾਵੇ । ਪਿੰਡਾਂ ਵਿੱਚ ਸਾਂਝੀ ਥਾਂ 'ਤੇ ਆਬਾਦੀ ਲਈ ਘੱਟ-ਘੱਟ 10 ਫੁੱਟ ਉੱਚੇ ਪਿੜ ਬਣਾ ਕੇ ਉੱਥੇ ਵੱਡੇ-ਵੱਡੇ ਸ਼ੈਡ ਬਣਾਏ ਜਾਣ ਤਾਂ ਜੋ ਲੋੜ ਪੈਣ 'ਤੇ ਪਿੰਡ ਵਾਸੀਆਂ ਨੂੰ ਇੱਥੇ ਰੱਖਿਆ ਜਾ ਸਕੇ । ਜਾਨਵਰਾਂ ਲਈ ਵੱਖਰੇ ਸ਼ੈਡ ਬਣਾਏ ਜਾ ਸਕਦੇ ਹਨ । ਇਨ੍ਹਾਂ ਸ਼ੈਡਾਂ ਵਿੱਚ ਪੀਣ ਵਾਲੇ ਪਾਣੀ ਦਾ ਬੋਰ, ਪਖਾਨੇ ਤੇ ਜਨਰੇਟਰ ਆਦਿ ਦਾ ਪ੍ਰਬੰਧ ਵੀ ਕਰਨਾ ਚਾਹੀਦਾ ਹੈ । ਐਤਕੀ ਹੜ੍ਹਾਂ ਦੌਰਾਨ ਸੰਸਥਾਵਾਂ ਤੇ ਵਿਅਕਤੀਆਂ ਵਲੋਂ ਜੋ ਕਿਸ਼ਤੀਆਂ ਦਾਨ ਕੀਤੀਆਂ ਗਈਆਂ ਹਨ, ਇਨ੍ਹਾਂ ਨੂੰ ਪਾਣੀ ਘੱਟਣ ਤੋਂ ਬਾਅਦ ਹੜ੍ਹ-ਮਾਰੇ ਇਲਾਕਿਆਂ ਦੀਆਂ ਪੰਚਾਇਤਾਂ ਨੂੰ ਸੌਂਪ ਦਿੱਤਾ ਜਾਵੇ ਤਾਂ ਜੋ ਮੁੜ ਕਦੇ ਹੜ੍ਹ ਆਉਣ 'ਤੇ ਪਿੰਡ ਕਿਸ਼ਤੀਆਂ ਦੀ ਤੁਰੰਤ ਵਰਤੋਂ ਕਰ ਸਕੇ ।

ਇਨ੍ਹਾਂ ਸਾਰੇ ਕਾਰਜਾਂ ਲਈ ਨਬਾਰਡ, ਵਿਸ਼ਵ ਬੈਂਕ, ਉਦਯੋਗਾਂ ਦੇ ਸਮਾਜਕ ਜ਼ਿੰਮੇਵਾਰੀ ਫੰਡ (ਸੀ. ਐੱਸ. ਆਰ) ਅਤੇ ਪ੍ਰਵਾਸੀ ਪੰਜਾਬੀਆਂ ਤੋਂ ਆਰਥਿਕ ਮਦਦ ਲਈ ਜਾ ਸਕਦੀ ਹੈ । ਇਸ ਲਈ ਪੈਸੇ ਦੀ ਦੁਰਵਰਤੋਂ ਨਾ ਹੋਵੇ ਇਸ ਲਈ ਸਮਾਜ ਸੇਵੀ ਸੰਸਥਾਵਾਂ ਤੇ ਲੋਕਾਂ ਦੀ ਭਾਗੀਦਾਰੀ ਨਾਲ ਸਾਰੇ ਕਾਰਜ ਪਾਰਦਰਸ਼ੀ ਤਰੀਕੇ ਨਾਲ ਪੂਰੇ ਹੋਣੇ ਚਾਹੀਦੇ ਹਨ, ਤਾਂ ਜੋ ਅਸੀਂ ਭਵਿੱਖ ਵਿੱਚ ਹੜ੍ਹਾਂ ਦੀਆਂ ਚੁਣੌਤੀਆਂ ਦਾ ਹੋਰ ਤਕੜੇ ਹੋ ਕੇ ਟਾਕਰਾ ਕਰ ਸਕੀਏ ।

# ਖੇਤ ਬਣੇ ਰੇਤ : ਦੋ ਡੰਗ ਦੀ ਰੋਟੀ ਲਈ ਕਤਾਰ ਵਿੱਚ ਖੜ੍ਹਾ ਅੰਨਦਾਤਾ

## ਕਿਸਾਨਾਂ ਨੇ ਸਰਕਾਰ ਤੋਂ ਕੀਤੀ ਮੰਗ ਕਿ ਸਾਡੇ ਖੇਤਾਂ ਵਿੱਚੋਂ ਕਢਵਾਈ ਜਾਵੇ ਰੇਤ ਤਾਂ ਜੋ ਨਵੀਂ ਫ਼ਸਲ ਬੀਜ ਸਕੀਏ

ਪੰਜਾਬ ਵਿੱਚ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੈ । ਖੇਤਾਂ ਵਿੱਚ ਲਹਿਲਹਾਉਂਦੀਆਂ ਫ਼ਸਲਾਂ ਦੀ ਥਾਂ ਰੇਤ ਹੀ ਰੇਤ ਨਜ਼ਰ ਆਉਂਦੀ ਹੈ । ਜ਼ਿਲ੍ਹਾ ਤਰਨਤਾਰਨ ਦੇ ਪਿੰਡ ਕੁੱਤੀਵਾਲ ਵਿਖੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਕਿਸਾਨਾਂ ਨੇ ਕਿਹਾ ਕਿ ਸਾਡੇ ਖੇਤਾਂ ਵਿੱਚ ਘੱਟੋ-ਘੱਟ 3-4 ਫੁੱਟ ਤੱਕ ਰੇਤ ਭਰ ਗਈ ਹੈ । ਇਸ ਨੂੰ ਪੱਧਰਾ ਕਰਨ ਲੱਗਿਆਂ ਤਾਂ ਬਹੁਤ ਸਮਾਂ ਲੱਗ ਜਾਵੇਗਾ, ਕਿਉਂਕਿ ਸਾਡੇ ਕੋਲ ਇੰਨੇ ਪੈਸੇ ਹੀ ਨਹੀਂ ਕਿ ਖੇਤ ਪੱਧਰੇ ਕਰ ਸਕੀਏ । ਉਨ੍ਹਾਂ ਕਿਹਾ ਕਿ ਇਹ ਤਾਂ ਪਾਣੀ ਸੁੱਕਣ 'ਤੇ ਹੀ ਪਤਾ ਲੱਗੇਗਾ ਕਿ ਕੋਈ ਸਾਡੀ ਮਦਦ ਕਰਨ ਲਈ ਆਉਂਦਾ ਹੈ ਜਾਂ ਨਹੀਂ । ਕਿਸਾਨਾਂ ਨੇ ਕਿਹਾ ਕਿ ਇੱਥੇ ਪਹਿਲਾਂ ਝੋਨੇ ਦੀ ਫ਼ਸਲ ਖੜ੍ਹੀ ਸੀ, ਜੋ ਕਿ ਪੂਰੀ ਤਰ੍ਹਾਂ ਨਸ਼ਟ ਹੋ ਗਈ ਹੈ । ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ 50 ਹਜ਼ਾਰ ਰੁਪਏ ਦੀ ਆਰਥਿਕ ਮੱਦਦ ਦੇਣੀ ਚਾਹੀਦੀ ਹੈ । ਉਨ੍ਹਾਂ ਕਿਹਾ ਕਿ 2023 ਵਿੱਚ ਵੀ ਆਏ ਹੜ੍ਹਾਂ ਕਾਰਨ ਸਾਡੇ ਖੇਤਾਂ ਵਿੱਚ ਰੇਤ ਭਰ ਗਈ ਸੀ । ਹਾਲੇ ਤਾਂ ਪਹਿਲਾਂ ਆਈ ਰੇਤ ਦੇ ਢੇਰ ਵੀ ਨਹੀਂ ਚੁੱਕੇ ਗਏ, ਹੁਣ ਹੋਰ ਰੇਤ ਸਾਡੇ ਖੇਤਾਂ ਵਿੱਚ ਆ ਗਈ ਹੈ । ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸਾਡੇ ਖੇਤਾਂ ਵਿੱਚੋਂ ਰੇਤ ਕਢਵਾਈ ਜਾਵੇ, ਤਾਂ ਜੋ ਅਸੀਂ ਆਪਣੇ ਖੇਤਾਂ ਵਿੱਚ ਨਵੀਂ ਫ਼ਸਲ ਬੀਜ ਸਕੀਏ । ਬੀਜਾਂ ਦੀ ਲੋੜ ਪਵੇਗੀ । ਉਨ੍ਹਾਂ ਕਿਹਾ ਕਿ ਸਮਾਜ ਸੇਵੀ ਉਨ੍ਹਾਂ ਦੇ ਪਿੰਡ ਵੀ ਪਹੁੰਚਣ ਅਤੇ ਇਨ੍ਹਾਂ ਪਿੰਡਾਂ ਵਿੱਚ ਪੰਚਾਇਤਾਂ ਦੀ 5 ਮੈਂਬਰੀ ਕਮੇਟੀ ਬਣਾਈ ਜਾਵੇ ਅਤੇ ਇਸੇ ਕਮੇਟੀ ਰਾਹੀਂ ਕੰਮ ਹੋਣ । ਫ਼ਿਰੋਜ਼ਪੁਰ ਦੇ ਇੱਕ ਪਿੰਡ ਦੇ ਕਿਸਾਨਾਂ ਨੇ ਕਿਹਾ ਕਿ ਹੜ੍ਹ ਦੇ ਪਾਣੀ ਕਾਰਨ ਸਾਡੇ ਬੋਰ ਅਤੇ ਮੋਟਰਾਂ ਵੀ ਖਰਾਬ ਹੋ ਗਈਆਂ ਹਨ । ਕਿਸਾਨਾਂ ਨੇ ਕਿਹਾ ਕਿ ਦਰਿਆ ਦੇ ਕੰਢੇ ਵਾਲੀ ਜ਼ਮੀਨ ਕਬਜ਼ੇ ਵਾਲੀ ਨਹੀਂ, ਇਹ ਸਾਡੀ ਆਪਣੀ ਹੈ ਅਤੇ ਇਸ ਦੀ ਰਜਿਸਟਰੀ ਵੀ ਸਾਡੇ ਨਾਮ 'ਤੇ ਹੈ । ਉਨ੍ਹਾਂ ਕਿਹਾ ਕਿ ਇਨ੍ਹਾਂ ਹੜ੍ਹਾਂ ਵਿੱਚ ਉਨ੍ਹਾਂ ਦੇ ਘਰ-ਬਾਰ, ਖੇਤੀ ਸੰਦ, ਟਰੈਕਟਰ-ਟਰਾਲੀਆਂ ਹੀ ਨਹੀਂ ਰੁੜੇ, ਸਗੋਂ ਸਾਡਾ ਭਵਿੱਖ ਵੀ ਰੁੜ੍ਹ ਗਿਆ ਹੈ । ਬੱਚਿਆਂ ਦੀ ਪੜ੍ਹਾਈ 'ਤੇ ਵੀ ਬੁਰਾ ਅਸਰ ਪੈ ਰਿਹਾ ਹੈ । ਕੁਝ ਹੋਰ ਕਿਸਾਨਾਂ ਨੇ ਵੀ ਆਪਣਾ ਦੁੱਖ ਫਰੋਲਦਿਆਂ ਦੱਸਿਆ ਕਿ ਹੜ੍ਹਾਂ ਦੇ ਪਾਣੀ ਵਿੱਚ ਉਨ੍ਹਾਂ ਦੇ ਟਰੈਕਟਰ ਅਤੇ ਟਰਾਲੀਆਂ ਵੀ ਰੁੜ੍ਹ ਗਈਆਂ ਹਨ । ਇੱਕ ਕਿਸਾਨ ਨੇ ਕਿਹਾ ਕਿ ਸਾਡੇ 35-40 ਕਿੱਲੇ ਇਕੱਲਿਆਂ ਦੇ ਖੇਤ ਹੀ ਇਸ ਹੜ੍ਹ ਦੀ ਮਾਰ ਵਿੱਚ ਆ ਗਏ ਹਨ । ਉਨ੍ਹਾਂ ਕਿਹਾ ਕਿ ਕਈ ਕਿਸਾਨਾਂ ਦੀ ਸਾਰੀ ਜ਼ਮੀਨ ਹੀ ਹੜ੍ਹ ਦੀ ਲਪੇਟ ਵਿੱਚ ਆ ਗਈ ਹੈ । ਕਿਸਾਨਾਂ ਨੇ ਕਿਹਾ ਕਿ ਸਾਨੂੰ ਰੇਤ ਚੁੱਕਣ ਲਈ 2 ਮਹੀਨੇ ਦਾ ਸਮਾਂ ਦਿੱਤਾ ਗਿਆ ਹੈ । ਉਨ੍ਹਾਂ ਕਿਹਾ ਕਿ ਕਈ ਕਿਸਾਨਾਂ ਦੀ ਸਾਰੀ ਜ਼ਮੀਨ ਹੀ ਹੜ੍ਹ ਦੀ ਲਪੇਟ ਵਿੱਚ ਆ ਗਈ ਹੈ । ਕਿਸਾਨਾਂ ਨੇ ਕਿਹਾ ਕਿ ਸਾਨੂੰ ਰੇਤ ਚੁੱਕਣ ਲਈ 2 ਮਹੀਨੇ ਦਾ ਸਮਾਂ ਦਿੱਤਾ ਗਿਆ ਹੈ । ਉਨ੍ਹਾਂ ਕਿਹਾ ਕਿ ਹਾਲੇ ਤਾਂ ਖੇਤਾਂ ਵਿੱਚ ਕਈ-ਕਈ ਫੁੱਟ ਪਾਣੀ ਹੈ, ਇਸ ਲਈ ਰੇਤ ਨਹੀਂ ਚੁੱਕੀ ਜਾ ਸਕਦੀ । ਮੱਦਦ ਬਾਰੇ ਉਨ੍ਹਾਂ ਕਿਹਾ ਕਿ ਸਾਡੇ ਤੱਕ ਰਾਸ਼ਨ ਤਾਂ ਪਹੁੰਚਿਆ ਹੈ, ਪਰ ਕੋਈ ਕਿੰਨੀ ਕੁ ਦੇਰ ਤੱਕ ਮੱਦਦ ਕਰ ਸਕਦਾ ਹੈ ਅਤੇ ਅਸੀਂ ਕਿੰਨੀ ਦੇਰ ਤੱਕ ਮੱਦਦ ਲਈ ਹੱਥ ਅੱਡਾਂਗੇ । ਇਸ ਲਈ ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਪਾਣੀ ਦਾ ਕੋਈ ਪੱਕਾ ਹੱਲ ਕੀਤਾ ਜਾਵੇ ।

ਪੰਜਾਬ ਵਿੱਚ 1966-67 ਦੌਰਾਨ 48 ਹਜ਼ਾਰ ਟਨ ਖਾਦਾਂ ਦੀ ਵਰਤੋਂ ਹੋਈ ਸੀ ਤੇ 2003-04 ਵਿੱਚ ਵਧ ਕੇ ਇਹ 15,43,000 ਟਨ ਹੋ ਗਈ ਜੋ ਪੂਰੇ ਦੇਸ਼ ਦੀ ਖਪਤ ਦਾ 11% ਹੈ ।

# ਪਲੀਤ ਪੌਣ-ਪਾਣੀ ਲਈ ਜ਼ਿੰਮੇਵਾਰ ਕੌਣ?

## ਸੁਖੀ ਜੀਵਨ ਜਿਊਣ ਲਈ ਸਾਨੂੰ ਕੁਦਰਤੀ ਨਿਆਮਤਾਂ ਵੱਲ ਧਿਆਨ ਦੇਣਾ ਹੋਵੇਗਾ

ਗੁਰਜਤਿੰਦਰਪਾਲ ਸਿੰਘ
ਮੋ. 94631-48284

ਏਕਮ ਅੱਜ ਸਕੂਲ ਤੋਂ ਆ ਕੇ ਸ਼ਾਮ ਨੂੰ ਆਪਣੇ ਦਾਦਾ ਜੀ ਕੋਲ ਬੈਠਾ ਅਧਿਆਪਕ ਵੱਲੋਂ ਵਾਤਾਵਰਨ ਸੰਬੰਧੀ ਜੋ ਸਾਵਧਾਨੀਆਂ ਬਾਰੇ ਦੱਸਿਆ ਗਿਆ ਸੀ, ਉਹ ਗੱਲਾਂ ਸਾਂਝੀਆਂ ਕਰਨ ਲੱਗਾ । ਦਾਦਾ ਜੀ ਨੇ ਉਸ ਦੀਆਂ ਗੱਲਾਂ ਸੁਣ ਕੇ ਉਸ ਨੂੰ ਪੁਰਾਣੇ ਪੰਜਾਬ ਬਾਰੇ ਦੱਸਣਾ ਸ਼ੁਰੂ ਕੀਤਾ ਕਿ ਉਹ ਵੀ ਸਮਾਂ ਸੀ ਜਦੋਂ ਪੰਜਾਬ ਨੂੰ ਚੰਗੇ ਅਤੇ ਸਾਫ਼-ਸੁਥਰੇ ਵਾਤਾਵਰਨ, ਸਿਹਤਮੰਦ ਪੌਣ-ਪਾਣੀ ਵਾਲਾ ਸੂਬਾ ਮੰਨਿਆ ਜਾਂਦਾ ਸੀ । ਏਕਮ ਬਹੁਤ ਧਿਆਨ ਨਾਲ ਦਾਦਾ ਜੀ ਦੀ ਗੱਲ ਸੁਣਨ ਲੱਗਾ । ਦਾਦਾ ਜੀ ਨੇ ਦੱਸਿਆ ਕਿ ਇੱਥੋਂ ਦੇ ਪੌਣ-ਪਾਣੀ ਵਿੱਚ ਵਿਭਿੰਨਤਾ ਨੇ ਲੋਕਾਂ ਨੂੰ ਮਿਹਨਤੀ ਅਤੇ ਵੱਖ-ਵੱਖ ਹਾਲਾਤ ਨਾਲ ਲੜਨ ਦੇ ਯੋਗ ਬਣਾਇਆ ਪਰ ਵਾਤਾਵਰਨ ਪ੍ਰਤੀ ਇਸ ਦੀ ਨਿਸ਼ਠਾ ’ਤੇ ਹਮੇਸ਼ਾ ਸਵਾਲੀਆ ਚਿੰਨ੍ਹ ਬਣਿਆ ਰਿਹਾ । ਏਕਮ ਨੇ ਦਾਦਾ ਜੀ ਨੂੰ ਟੋਕਦੇ ਹੋਏ ਪੁੱਛਿਆ ਕਿ ਵਾਤਾਵਰਨ ਕੀ ਚੀਜ਼ ਹੈ ? ਉਨ੍ਹਾਂ ਦੱਸਿਆ ਕਿ ਅਸਲ ਵਿੱਚ ਵਾਤਾਵਰਨ ਸਜੀਵ ਤੇ ਨਿਰਜੀਵ ਵਸਤਾਂ ਦਾ ਸੁਮੇਲ ਹੈ ਜੋ ਕਿ ਆਜ਼ਾਦ ਰੂਪ ਵਿੱਚ ਇਕੱਠੀਆਂ ਵਿਚਰ ਕੇ ਕੁਦਰਤ ਦਾ ਰੂਪ ਧਾਰਨ ਕਰਦੀਆਂ ਹਨ ਜਿਸ ਕਾਰਨ ਕੁਦਰਤੀ ਸੰਤੁਲਨ ਬਣਿਆ ਰਹਿੰਦਾ ਹੈ । ਜੋ ਲਗਾਤਾਰ ਸਦੀਆਂ ਤੋਂ ਬਰਕਰਾਰ ਚਲਿਆ ਆ ਰਿਹਾ ਹੈ । ਸਾਨੂੰ ਸਭ ਨੂੰ ਪਹਿਲਾਂ ਆਪਣਾ ਆਲਾ-ਦੁਆਲਾ ਸਾਫ਼-ਸੁਥਰਾ ਰੱਖਣਾ ਹੋਵੇਗਾ । ਸਾਨੂੰ ਖ਼ੁਦ ਇਸ ਗੱਲ ਵੱਲ ਧਿਆਨ ਦੇਣਾ ਹੋਵੇਗਾ ਕਿ ਕੂੜਾ-ਕਰਕਟ ਨੂੰ ਸਹੀ ਜਗ੍ਹਾ ’ਤੇ ਸੁੱਟਣਾ ਹੈ, ਪਲਾਸਟਿਕ ਦੀਆਂ ਵਸਤਾਂ ਨੂੰ ਘੱਟ ਤੋਂ ਘੱਟ ਵਰਤੋਂ ਵਿੱਚ ਲਿਆਉਣਾ ਹੈ ਅਤੇ ਗੱਡੀਆਂ ਦੀ ਵਰਤੋਂ ਘੱਟ ਕਰ ਕੇ ਹਵਾ ਪ੍ਰਦੂਸ਼ਣ ਤੋਂ ਬਚਿਆ ਜਾ ਸਕਦਾ ਹੈ ।

ਜ਼ਿਆਦਾ ਬੂਟੇ ਲਗਾਉਣੇ ਚਾਹੀਦੇ ਹਨ ਤਾਂ ਜੋ ਆਕਸੀਜਨ ਵਿੱਚ ਵਾਧਾ ਹੋ ਸਕੇ । ਪਾਣੀ ਦੀ ਸਹੀ ਵਰਤੋਂ ਤੇ ਸਾਂਭ-ਸੰਭਾਲ ਬਹੁਤ ਜ਼ਰੂਰੀ ਹੈ । ਇਹੀ ਸਾਡੇ ਜੀਵਨ ਦਾ ਆਧਾਰ ਹੈ । ਇਸ ਲਈ ਸਾਨੂੰ ਸਭ ਨੂੰ ਸੁਚੇਤ ਹੋਣ ਦੀ ਲੋੜ ਹੈ ਤਾਂ ਕਿ ਵਾਤਾਵਰਨ ਨਾ ਵਿਗੜੇ ਤੇ ਸਾਨੂੰ ਕੋਈ ਭਿਆਨਕ ਨਤੀਜੇ ਨਾ ਭੁਗਤਣੇ ਪੈਣ । ਅੱਜ ਤਕਨੀਕੀ ਯੁੱਗ ਹੋਣ ਕਾਰਨ ਮਨੁੱਖ ਦੀਆਂ ਜ਼ਰੂਰਤਾਂ ਤੇ ਲਾਲਸਾਵਾਂ ਬਹੁਤ ਵਧ ਗਈਆਂ ਹਨ । ਇਸ ਤਕਨੀਕੀ ਵਿਕਾਸ ਨੇ ਜਿੱਥੇ ਮਨੁੱਖ ਦੇ ਭਵਿੱਖ ਨੂੰ ਇੱਕ ਉਮੀਦ ਦੀ ਕਿਰਨ ਵਿਖਾਈ ਹੈ ਉੱਥੇ ਹੀ ਇਸ ਨੇ ਕੁਦਰਤੀ ਸੰਤੁਲਨ ਨੂੰ ਵੀ ਵਿਗਾੜਿਆ ਹੈ । ਆਜ਼ਾਦੀ ਦੇ ਸਮੇਂ ਦੇਸ਼ ਦੀ ਵੰਡ ਨੇ ਪੰਜਾਬ ਨੂੰ ਦੋ ਦਰਿਆਵਾਂ ਤੋਂ ਪਾਸੇ ਕਰ ਦਿੱਤਾ । ਬਾਕੀ ਤਿੰਨ ਦਰਿਆ ਸਤਲੁਜ, ਰਾਵੀ ਤੇ ਬਿਆਸ ਵਿੱਚੋਂ ਸਤਲੁਜ ਹੀ ਖੇਤੀ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਬਣਿਆ ਹੈ । ਇਹ ਦਰਿਆ ਜਦੋਂ ਭਾਖੜੇ ਲਾਗੇ ਨੰਗਲ ਵਿੱਚ ਦਾਖ਼ਲ ਹੁੰਦਾ ਹੈ ਤਾਂ ਇਸ ਦਾ ਪਾਣੀ ਪੂਰੀ ਤਰ੍ਹਾਂ ਸਾਫ਼ ਹੁੰਦਾ ਹੈ । ਨੰਗਲ ਪਾਰ ਕਰਦੇ ਹੀ ਇਸ ਦੀ ਸਵੱਛਤਾ ਵਿਚ ਵਿਗਾੜ ਸ਼ੁਰੂ ਹੋ ਜਾਂਦਾ ਹੈ । ਲੋਕਾਂ ਦੁਆਰਾ ਨਹਿਰਾਂ ਵਿੱਚ ਸੁਟਿਆ ਗਿਆ ਕੂੜਾ-ਕਰਕਟ ਅਤੇ ਪਲਾਸਟਿਕ ਆਦਿ ਪਾਣੀ ਦੇ ਪ੍ਰਦੂਸ਼ਣ ਵਿੱਚ ਵਾਧਾ ਕਰ ਰਹੇ ਹਨ । ਇਸ ਤੋਂ ਇਲਾਵਾ ਮੁਕੇਰੀਆਂ ਤੋਂ ਲੈ ਕੇ ਗੋਇੰਦਵਾਲ ਤੱਕ ਇਸ ਸਤਲੁਜ ਦਰਿਆ ਦੇ ਪਾਣੀ ਦੀ ਸਵੱਛਤਾ ਵਿੱਚ ਨਿਘਾਰ ਆਇਆ ਹੈ ਅਤੇ ਪੁਆਧ ਦੇ ਇਲਾਕੇ ਵਿਚ ਮਾਲਵੇ ਦੇ ਖੇਤਰ ਦਾ ਸਾਰਾ ਉਦਯੋਗਿਕ ਅਤੇ ਘਰੇਲੂ ਪਾਣੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਇਸ ਦਰਿਆ ਵਿੱਚ ਪੈਂਦਾ ਹੈ । ਇਹ ਵੀ ਇਸ ਦੀ ਸਵੱਛਤਾ ਨੂੰ ਖ਼ਤਮ ਕਰਦਾ ਹੈ । ਇਸ ਤੋਂ ਇਲਾਵਾ ਪੰਜਾਬ ਵਿੱਚ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਨੇ ਵਾਤਾਵਰਨ ਨੂੰ ਬਹੁਤ ਢਾਹ ਲਾਈ ਹੈ । ਝਾੜ ਵਧਾਉਣ ਲਈ ਕਿਸਾਨ ਇਨ੍ਹਾਂ ਦੀ ਵਰਤੋਂ ਵਧਾ ਰਹੇ ਹਨ ।

ਸੰਨ 1966-67 ਦੌਰਾਨ ਪੰਜਾਬ ਵਿੱਚ 48 ਹਜ਼ਾਰ ਟਨ ਖਾਦਾਂ ਦੀ ਵਰਤੋਂ ਹੋਈ ਸੀ ਜਦਕਿ 2003-04 ਵਿੱਚ ਵੱਧ ਕੇ ਇਹ 15,43,000 ਟਨ ਹੋ ਗਈ ਜੋ ਪੂਰੇ ਦੇਸ਼ ਦੀ ਖਪਤ ਦਾ 11% ਬਣਦਾ ਹੈ । ਇਸੇ ਤਰ੍ਹਾਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਵਿੱਚ ਵੀ ਬਹੁਤ ਵਾਧਾ ਹੋਇਆ ਹੈ ਜਿਸ ਨਾਲ ਫ਼ਸਲਾਂ ਦਾ ਝਾੜ ਜ਼ਰੂਰ ਵਧਿਆ ਹੈ ਪਰ ਉਨ੍ਹਾਂ ਦੀ ਗੁਣਵੱਤਾ ਵਿੱਚ ਗਿਰਾਵਟ ਆਈ ਹੈ । ਖਾਣ ਵਾਲੇ ਪਦਾਰਥਾਂ ਅਨਾਜ ਅਤੇ ਫ਼ਲਾਂ-ਸਬਜ਼ੀਆਂ ਵਿੱਚ ਬੇਲੋੜੇ ਕੀਟਨਾਸ਼ਕਾਂ ਅਤੇ ਖਾਦਾਂ ਦੀ ਵਰਤੋਂ ਨੇ ਮਨੁੱਖੀ ਜੀਵਨ ਤੇ ਬਹੁਤ ਘਾਤਕ ਪ੍ਰਭਾਵ ਪਾਏ ਹਨ । ਮਨੁੱਖੀ ਸਰੀਰ ਵਿੱਚ ਬਿਮਾਰੀਆਂ ਦਾ ਵਾਧਾ ਅਤੇ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਘੱਟ ਕੀਤਾ ਹੈ । ਕੀਟਨਾਸ਼ਕ ਦਵਾਈਆਂ, ਖਾਦਾਂ ਅਤੇ ਫੈਕਟਰੀਆਂ ਦਾ ਗੰਦਾ ਪਾਣੀ ਸਾਡੇ ਵਾਤਾਵਰਨ ਨੂੰ ਬਹੁਤ ਪ੍ਰਦੂਸ਼ਿਤ ਕਰ ਰਿਹਾ ਹੈ ਅਤੇ ਬਹੁਤ ਸਾਰੇ ਖੇਤਰਾਂ ਵਿੱਚ ਪੀਣਯੋਗ ਪਾਣੀ ਵੀ ਸਹੀ ਨਹੀਂ ਮਿਲ ਰਿਹਾ । ਡੂੰਘਾ ਪਾਣੀ ਹੀ ਪੀਣਯੋਗ ਹੈ । ਇਹ ਸਾਰੀਆਂ ਗੱਲਾਂ ਵਾਤਾਵਰਨ ਲਈ ਘਾਤਕ ਹਨ । ਇਸ ਸਭ ਦਾ ਜ਼ਿੰਮੇਵਾਰ ਮਨੁੱਖ ਹੀ ਹੈ ਜੋ ਆਪਣੇ ਕੁਝ ਕੁ ਲਾਭ ਲਈ ਕੋਈ ਵੀ ਗਲਤ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ । ਇਸੇ ਕਾਰਨ ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਜਨਮ ਲੈ ਰਹੀਆਂ ਹਨ । ਫੈਕਟਰੀਆਂ ਵਿੱਚ ਸ਼ੋਰ ਪ੍ਰਦੂਸ਼ਣ, ਗੱਡੀਆਂ ਦਾ ਧੂੰਆਂ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ ।



ਬੇਸ਼ੱਕ ਵੱਖ-ਵੱਖ ਖੇਤਰਾਂ ਵਿੱਚ ਸ਼ੋਰ-ਪ੍ਰਦੂਸ਼ਣ ਦੀਆਂ ਵੱਖ-ਵੱਖ ਹੱਦਾਂ ਵੀ ਨਿਰਧਾਰਤ ਕੀਤੀਆਂ ਜਾਂਦੀਆਂ ਹਨ ਪਰ ਸ਼ਾਂਤ ਖੇਤਰ ਜਿਵੇਂ ਸਕੂਲ, ਕਾਲਜ, ਹਸਪਤਾਲ, ਲਾਇਬ੍ਰੇਰੀਆਂ ਤੇ ਅਦਾਲਤਾਂ ਆਦਿ ਸ਼ਾਮਲ ਹਨ, ਉਹ ਸਭ ਤੋਂ ਜ਼ਿਆਦਾ ਪ੍ਰਭਾਵਿਤ ਹਨ । ਵਾਹਨਾਂ ਦੀ ਗਿਣਤੀ ਵੀ ਦਿਨ-ਬ-ਦਿਨ ਲਗਾਤਾਰ ਵਧਦੀ ਜਾ ਰਹੀ ਹੈ । ਇੱਕ ਸਰਵੇਖਣ ਅਨੁਸਾਰ ਇਕੱਲੀਆਂ ਕਾਰਾਂ ਹੀ 481 ਕਿਲੋਗ੍ਰਾਮ ਕਾਰਬਨ, ਮੋਨੋਆਕਸਾਈਡ, 100 ਕਿਲੋਗ੍ਰਾਮ ਕਾਰਬਨ ਡਾਈਆਕਸਾਈਡ ਤੇ 31 ਕਿਲੋਗ੍ਰਾਮ ਨਾਈਟ੍ਰੋਜਨ ਆਕਸਾਈਡ ਸਾਲਾਨਾ ਔਸਤ ਅਨੁਸਾਰ ਵਾਤਾਵਰਨ ਵਿੱਚ ਛੱਡ ਰਹੀਆਂ ਹਨ । ਇਸ ਦਾ ਸਭ ਤੋਂ ਵੱਡਾ ਕਾਰਨ ਭਾਰਤ ਵਿੱਚ ਪੈਟਰੋਲ ਅਤੇ ਡੀਜ਼ਲ ਦੀ ਧੜੱਲੇ ਨਾਲ ਹੋ ਰਹੀ ਵਰਤੋਂ ਹੈ । ਇਹ ਜ਼ਰੂਰੀ ਨਹੀਂ ਕਿ ਮਨੁੱਖ ਕੇਵਲ ਪੈਸਾ ਕਮਾਉਣ ਤੇ ਮੁਨਾਫ਼ਿਆਂ ਅਤੇ ਲਾਲਚ ਵਾਲੀ ਜ਼ਿੰਦਗੀ ਜਿਊਣ ਲਈ ਪੈਦਾ ਹੋਇਆ ਹੈ । ਉਸ ਦੀ ਇਹ ਵੀ ਸੋਚ ਹੋਣੀ ਚਾਹੀਦੀ ਹੈ ਕਿ ਅਸੀਂ ਆਪਣੀ ਧਰਤੀ ਨੂੰ ਇੰਨਾ ਸਵੱਛ ਬਣਾਈਏ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਡੀ ਇਹ ਧਰਤੀ ਰਹਿਣ ਯੋਗ ਬਣੀ ਰਹੇ ।

ਇਸ ਗੱਲ ਵੱਲ ਸਾਡਾ ਧਿਆਨ ਹੀ ਨਹੀਂ ਜਾ ਰਿਹਾ ਕਿ ਸਾਡੇ ਜੀਵਨ ਦਾ ਆਧਾਰ ਪਾਣੀ ਮੁੱਕਦਾ ਜਾ ਰਿਹਾ ਹੈ ਅਤੇ ਤੇਜ਼ੀ ਨਾਲ ਡੂੰਘਾ ਹੁੰਦਾ ਜਾ ਰਿਹਾ ਹੈ । ਹਵਾ ਪਲੀਤ ਹੁੰਦੀ ਜਾ ਰਹੀ ਹੈ । ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਬਦਲਦੀਆਂ ਜਾ ਰਹੀਆਂ ਹਨ ਜੋ ਅੱਗੇ ਜਾ ਕੇ ਬਿਮਾਰੀਆਂ ਨੂੰ ਸੱਦਾ ਦੇ ਰਹੀਆਂ ਹਨ । ਸਾਨੂੰ ਚੰਗਾ ਅਤੇ ਸਾਦਾ ਜੀਵਨ ਜਿਊਣ ਲਈ ਕੁਦਰਤੀ ਨਿਆਮਤਾਂ ਵੱਲ ਧਿਆਨ ਦੇਣਾ ਪਵੇਗਾ । ਰੁੱਖਾਂ, ਪਰਬਤਾਂ, ਜੰਗਲਾਂ, ਨਦੀਆਂ-ਨਾਲਿਆਂ ਤੇ ਹੋਰ ਜਲ ਸਰੋਤਾਂ ਦੀ ਸਾਂਭ-ਸੰਭਾਲ ਕਰਨੀ ਹੋਵੇਗੀ ਤਾਂ ਕਿ ਸਾਡਾ ਚੌਗਿਰਦਾ ਸਾਫ਼-ਸੁਥਰਾ ਤੇ ਸ਼ਾਂਤਮਈ ਹੋਵੇ । ਇਹ ਸਾਰੀਆਂ ਗੱਲਾਂ ਸੁਣਨ ਤੋਂ ਬਾਅਦ ਏਕਮ ਨੇ ਆਪਣੇ ਦਾਦਾ ਜੀ ਨਾਲ ਇਹ ਵਾਅਦਾ ਕੀਤਾ ਕਿ ਮੈਂ ਵਾਤਾਵਰਨ ਪ੍ਰਤੀ ਸੁਚੇਤ ਰਹਾਂਗਾ ਅਤੇ ਇਸ ਨੂੰ ਸਾਫ਼ ਰੱਖਣ ਵਿੱਚ ਹਮੇਸ਼ਾ ਯੋਗਦਾਨ ਪਾਵਾਂਗਾ । ਹਰ ਮਨੁੱਖ ਆਪਣੇ ਤੇ ਆਪਣੇ ਬੱਚਿਆਂ ਲਈ ਸਹੂਲਤਾਂ ਜ਼ਰੂਰ ਇਕੱਠੀਆਂ ਕਰਦਾ ਹੈ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਹੇ ਸਲੋਕ ‘‘ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ’’ ਅਨੁਸਾਰ ਅਸੀਂ ਭਵਿੱਖੀ ਪੀੜ੍ਹੀਆਂ ਲਈ ਸਾਫ਼ ਹਵਾ-ਪਾਣੀ ਅਤੇ ਭੂਮੀ ਵੰਡਣ ਵਿੱਚ ਅਸਮਰੱਥ ਰਹੇ ਹਾਂ । ਅਸੀਂ ਆਪਣੇ ਅਧਿਕਾਰ ਤਾਂ ਜਾਣਦੇ ਹਾਂ ਪਰ ਫ਼ਰਜ਼ਾਂ ਨੂੰ ਭੁੱਲ ਰਹੇ ਹਾਂ । ਵਾਤਾਵਰਨ ਨੂੰ ਸਾਫ਼ ਰੱਖਣ ਲਈ ਸਾਨੂੰ ਸਭ ਨੂੰ ਹੰਭਲਾ ਮਾਰਨ ਦੀ ਲੋੜ ਹੈ । ਇਸ ਪ੍ਰਤੀ ਹਰ ਮਨੁੱਖ ਸੁਚੇਤ ਹੋਵੇ, ਹਰੇਕ ਬੱਚੇ ਨੂੰ ਸ਼ੁਰੂ ਤੋਂ ਹੀ ਇਨ੍ਹਾਂ ਫ਼ਰਜ਼ਾਂ ਪ੍ਰਤੀ ਸੁਚੇਤ ਕਰਨ ਦੀ ਜ਼ਰੂਰਤ ਹੈ ।

# ਝੋਨੇ ਨੂੰ ਪਏ ਹਲਦੀ ਰੋਗ ਨੇ ਕਿਸਾਨਾਂ ਦੇ ਚਿਹਰਿਆਂ ’ਤੇ ਲਿਆਂਦੀ ਪਲੱਤਣ

## ਹਲਦੀ ਰੋਗ ਕਾਰਨ ਝੋਨੇ ਦਾ ਝਾੜ ਹੋਵੇਗਾ ਵੱਡੇ ਪੱਧਰ ’ਤੇ ਪ੍ਰਭਾਵਿਤ

ਝੋਨੇ ਦੀ ਫ਼ਸਲ ਨੂੰ ਹੁਣ ਹਲਦੀ ਰੋਗ ਨੇ ਘੇਰਾ ਪਾ ਲਿਆ ਹੈ । ਆਲਮ ਇਹ ਹੈ ਕਿ ਝੋਨੇ ਦੇ ਖੇਤ ਹਲਦੀ ਰੰਗੇ ਹੋ ਰਹੇ ਹਨ । ਵੱਡੇ ਪੱਧਰ ’ਤੇ ਫੈਲ ਰਹੇ ਹਲਦੀ ਰੋਗ ਨੇ ਕਿਸਾਨਾਂ ਦੇ ਚਿਹਰਿਆਂ ’ਤੇ ਪਲੱਤਣ ਲਿਆ ਦਿੱਤੀ ਹੈ । ਇੱਥੋਂ ਤੱਕ ਕਿ ਸਪਰੇਆਂ ਵੀ ਇਸ ਰੋਗ ’ਤੇ ਬਹੁਤਾ ਅਸਰ ਨਹੀਂ ਕਰ ਰਹੀਆਂ, ਜਿਸ ਕਾਰਨ ਕਿਸਾਨਾਂ ਦੀਆਂ ਮੁਸ਼ਕਲਾਂ ਵਧੀਆਂ ਹੋਈਆਂ ਹਨ । ਕਿਸਾਨਾਂ ਨੇ ਹਾਈਬ੍ਰਿਡ ਝੋਨੇ ’ਤੇ ਪਾਬੰਦੀ ਲਗਾਉਣ ਨੂੰ ਲੈ ਕਿਹਾ ਕਿ ਇਹ ਸਰਕਾਰ ਕਿਸਾਨਾਂ ਲਈ ਨਿਕੰਮੀ ਸਾਬਤ ਹੋ ਰਹੀ ਹੈ, ਕਿਉਂਕਿ ਜਿਹੜੇ ਝੋਨੇ ਦੀਆਂ ਕਿਸਮਾਂ ’ਤੇ ਹਲਦੀ ਰੋਗ ਦਾ ਹਮਲਾ ਘੱਟ ਹੁੰਦਾ ਸੀ, ਉਸ ’ਤੇ ਸਰਕਾਰ ਨੇ ਪਾਬੰਦੀ ਲਗਾ ਕੇ ਕਿਸਾਨਾਂ ਦਾ ਗਲਾ ਘੁੱਟਣ ਦਾ ਕੰਮ ਕੀਤਾ ਹੈ ।



ਜਾਣਕਾਰੀ ਅਨੁਸਾਰ ਇਸ ਵਾਰ ਝੋਨੇ ਦੀ ਫ਼ਸਲ ਕਿਸਾਨੀ ’ਤੇ ਭਾਰੂ ਪੈਂਦੀ ਨਜ਼ਰ ਆ ਰਹੀ ਹੈ । ਪਹਿਲਾਂ ਸੂਬੇ ਵਿੱਚ ਹੜ੍ਹਾਂ ਦਾ ਕਹਿਰ ਅਤੇ ਹੁਣ ਝੋਨੇ ਦੀ ਫ਼ਸਲ ਨੂੰ ਪਏ ਹਲਦੀ ਰੋਗ ਨੇ ਕਿਸਾਨਾਂ ਨੂੰ ਚਿੰਤਾ ਵਿੱਚ ਪਾ ਕੇ ਰੱਖ ਦਿੱਤਾ ਹੈ । ਹਲਦੀ ਰੋਗ ਕਾਰਨ ਝੋਨੇ ਦੀ ਬੱਲੀ ’ਤੇ ਡੋਡੀ ਫੈਲ ਰਹੀ ਹੈ ਅਤੇ ਇਹ ਚੌਲ ਨੂੰ ਖਰਾਬ ਕਰ ਰਹੀ ਹੈ । ਝੋਨੇ ਵਿੱਚ ਪਏ ਇਸ ਰੋਗ ਨੇ ਬੱਲੀਆਂ ਨੂੰ ਖਰਾਬ ਕਰ ਦਿੱਤਾ ਹੈ ਅਤੇ ਬੱਲੀ ਵਿੱਚ ਕੁਝ ਦਾਣੇ ਹੀ ਸਾਬਤ ਬਚੇ ਹਨ, ਬਾਕੀ ਸਾਰੇ ਕਾਲੇ ਹੋ ਗਏ ਹਨ । ਝੋਨੇ ਦੀ ਫ਼ਸਲ ਨੂੰ ਪਏ ਹਲਦੀ ਰੋਗ ਦਾ ਸਾਹਮਣਾ ਪੰਜਾਬ ਦੇ ਕਿਸਾਨਾਂ ਨੂੰ ਕਰਨਾ ਪੈ ਰਿਹਾ ਹੈ । ਇੱਥੋਂ ਤੱਕ ਕਿ ਸੋਸ਼ਲ ਮੀਡੀਆ ’ਤੇ ਵੀ ਹਲਦੀ ਰੋਗ ਨੂੰ ਲੈ ਕੇ ਕਿਸਾਨਾਂ ਵੱਲੋਂ ਇਸ ਦੀ ਰੋਕਥਾਮ ਲਈ ਸੁਝਾਅ ਮੰਗੇ ਜਾ ਰਹੇ ਹਨ ।

ਕਿਸਾਨਾਂ ਦਾ ਕਹਿਣਾ ਹੈ ਕਿ ਕਾਫ਼ੀ ਸਪਰੇਆਂ ਦਾ ਛਿੜਕਾਅ ਕਰ ਲਿਆ ਹੈ, ਪਰ ਹਲਦੀ ਰੋਗ ਦਾ ਤੋੜ ਨਹੀਂ ਲੱਭ ਰਿਹਾ । ਪਿੰਡ ਨਰੂਆਣਾ ਦੇ ਕਿਸਾਨ ਕੁਲਦੀਪ ਸਿੰਘ ਢਿੱਲੋਂ ਅਤੇ ਅਮਰੀਕ ਸਿੰਘ ਨੇ ਦੱਸਿਆ ਕਿ ਭਾਵੇਂ ਕਿ ਝੋਨੇ ਦੀ ਹਰੇਕ ਵਰਾਇਟੀ ’ਤੇ ਹਲਦੀ ਰੋਗ ਦਾ ਅਸਰ ਹੋ ਰਿਹਾ ਹੈ, ਪਰ ਪੀ. ਆਰ.-126 ਇਸ ਦੀ ਜ਼ਿਆਦਾ ਲਪੇਟ ਵਿੱਚ ਆ ਰਹੀ ਹੈ । ਉਨ੍ਹਾਂ ਕਿਹਾ ਕਿ ਹਲਦੀ ਰੋਗ ਕਾਰਨ ਬੱਲੀਆਂ ’ਤੇ ਡੋਡੀਆਂ ਲੱਗ ਰਹੀਆਂ ਹਨ, ਜੋ ਦਾਣਿਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀਆਂ ਹਨ । ਉਨ੍ਹਾਂ ਕਿਹਾ ਕਿ ਇਸ ਨਾਲ ਝੋਨੇ ਦੇ ਝਾੜ ’ਤੇ ਵੱਡੀ ਪੱਧਰ ’ਤੇ ਅਸਰ ਪਵੇਗਾ ਅਤੇ ਕਿਸਾਨਾਂ ਨੂੰ ਇਸ ਦੀ ਮਾਰ ਦਾ ਸਾਹਮਣਾ ਕਰਨਾ ਪਵੇਗਾ । ਉਨ੍ਹਾਂ ਕਿਹਾ ਕਿ ਇਸ ਰੋਗ ਕਾਰਨ ਝੋਨੇ ਦੀ ਖਰੀਦ ਮੌਕੇ ਵੀ ਦਿੱਕਤ ਖੜ੍ਹੀ ਹੋ ਸਕਦੀ ਹੈ । ਇਸ ਲਈ ਸਰਕਾਰ ਅੱਗੇ ਅਪੀਲ ਹੈ ਕਿ ਰੋਗ ਕੁਦਰਤੀ ਹੈ, ਇਸ ਲਈ ਖਰੀਦ ਵਿੱਚ ਢਿੱਲ ਦਿੱਤੀ ਜਾਵੇ । ਉਨ੍ਹਾਂ ਕਿਹਾ ਕਿ ਜਿਹੜੀ ਸਰਕਾਰ ਨੇ ਇਸ ਵਾਰ ਹਾਈਬ੍ਰਿਡ ਝੋਨੇ ’ਤੇ ਪਾਬੰਦੀ ਲਗਾਈ ਹੈ, ਉਸ ’ਤੇ ਹਲਦੀ ਰੋਗ ਦਾ ਹਮਲਾ ਬਹੁਤ ਘੱਟ ਹੁੰਦਾ ਸੀ, ਹਲਦੀ ਰੋਗ ’ਤੇ ਸਪਰੇਅ ਵੀ ਕੋਈ ਬਹੁਤ ਅਸਰ ਨਹੀਂ ਕਰਦੀ, ਪਰੰਤੂ ਕੀਟਨਾਸ਼ਕ ਕੰਪਨੀਆਂ ਨੇ ਕਿਸਾਨਾਂ ਨੂੰ ਹਲਦੀ ਰੋਗ ਦੀ ਰੋਕਥਾਮ ਦੇ ਨਾਂ ’ਤੇ ਧੜੱਲੇ ਨਾਲ ਸਪਰੇਆਂ ਵੇਚ ਕੇ ਅੰਨ੍ਹੀ ਲੁੱਟ ਕੀਤੀ ਜਾ ਰਹੀ ਹੈ ।

### ਖੇਤਾਂ ਵਿੱਚ ਹਰ ਪਾਸੇ ਨਜ਼ਰੀਂ ਪੈ ਰਿਹੈ ਹਲਦੀ ਰੰਗਾ ਝੋਨਾ

ਹਲਦੀ ਰੰਗ ਰੋਗ ਨੇ ਝੋਨੇ ਨੂੰ ਇਸ ਕਦਰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ ਕਿ ਦੁਪਹਿਰ ਸਮੇਂ ਖੇਤਾਂ ਵਿੱਚ ਹਲਦੀ ਰੰਗੇ ਹੀ ਝੋਨਾ ਨਜ਼ਰ ਆਉਂਦਾ ਹੈ । ਦਰਅਸਲ ਜਿਸ ਸਮੇਂ ਮੀਂਹ ਪੈ ਰਿਹਾ ਸੀ, ਉਦੋਂ ਅਗੇਤਾ ਝੋਨਾ ਨਿਸਰਿਆ ਹੋਇਆ ਸੀ, ਪਰੰਤੂ ਮੀਂਹ ਵਿੱਚ ਝੋਨੇ ’ਤੇ ਸਪਰੇਅ ਨਹੀਂ ਕੀਤੀ ਜਾ ਸਕੀ, ਜਿਸ ਕਾਰਨ ਹਲਦੀ ਰੰਗ ਨੇ ਝੋਨੇ ਨੂੰ ਪੂਰੀ ਤਰ੍ਹਾਂ ਝਕੜ ਵਿੱਚ ਲੈ ਲਿਆ, ਹੁਣ ਹਲਦੀ ਰੋਗ ਇਸ ਤਰ੍ਹਾਂ ਫੈਲ ਚੁੱਕਿਆ ਹੈ ਕਿ ਇਸ ਦਾ ਕੋਈ ਹੱਲ ਨਹੀਂ ਹੈ ।

### ਨਵਾਂ ਨਹੀਂ ਪੁਰਾਣਾ ਹੈ ਹਲਦੀ ਰੋਗ : ਡਾ. ਜਗਦੀਸ਼ ਸਿੰਘ

ਇਸ ਸੰਬੰਧੀ ਜ਼ਿਲ੍ਹਾ ਖੇਤੀਬਾੜੀ ਅਫਸਰ ਡਾ. ਜਗਦੀਸ਼ ਸਿੰਘ ਨੇ ਕਿਹਾ ਕਿ ਜਦੋਂ ਝੋਨਾ ਨਸਾਰੇ ’ਤੇ ਹੁੰਦਾ ਹੈ ਅਤੇ ਸਿੱਲ੍ਹ ਵਿੱਚ ਥੋੜ੍ਹਾ ਬਹੁਤ ਹਲਦੀ ਰੋਗ ਪੈ ਸਕਦਾ ਹੈ, ਇਹ ਰੋਗ ਨਵਾਂ ਨਹੀਂ, ਸਗੋਂ ਪੁਰਾਣਾ ਹੈ । ਉਨ੍ਹਾਂ ਦੱਸਿਆ ਕਿ ਇਸ ਰੋਗ ਦੇ ਕਾਰਨ ਜ਼ਿਆਦਾ ਸਿਲ੍ਹ ਤੇ ਖੇਤ ਵਿੱਚ ਜ਼ਿਆਦਾ ਯੂਰੀਆ ਖਾਦ ਪਾਉਣ ਕਾਰਨ ਹੁੰਦਾ ਹੈ, ਬਾਕੀ ਹਮਲੇ ਵਾਲੀ ਕੋਈ ਗੱਲ ਨਹੀਂ, ਇਸ ਨਾਲ ਕਿਸਾਨ ਦਾ ਬਹੁਤਾ ਆਰਥਿਕ ਨੁਕਸਾਨ ਨਹੀਂ ਹੋਵੇਗਾ । ਇਹ 200 ਦਾਣਿਆਂ ਪਿੱਛੇ ਸਿਰਫ ਇੱਕ-ਦੋ ਦਾਣੇ ਹੀ ਇਸ ਰੋਗ ਨਾਲ ਖਰਾਬ ਹੋਏ ਹਨ । ਉਨ੍ਹਾਂ ਕਿਸਾਨਾਂ ਨੂੰ ਸਲਾਹ ਦਿੰਦਿਆਂ ਕਿਹਾ ਕਿ ਇਸ ਬਿਮਾਰੀ ਦੇ ਚੱਲਦਿਆਂ ਖੇਤ ਵਿੱਚ ਫ਼ਸਲ ਦੀ ਜ਼ਰੂਰਤ ਅਨੁਸਾਰ ਪਾਣੀ ਲਗਾਉਣਾ ਜ਼ਰੂਰੀ ਹੈ, ਪਰੰਤੂ ਜ਼ਮੀਨ ਵਿੱਚ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ । ਜਿਸ ਸਮੇਂ ਹਲਦੀ ਰੋਗ ਬਣ ਜਾਂਦਾ ਹੈ, ਉਸ ਸਮੇਂ ਇਸ ’ਤੇ ਕੋਈ ਸਪਰੇਅ ਕੰਮ ਨਹੀਂ ਕਰਨੀ ਚਾਹੀਦੀ, ਇਸ ਲਈ ਬੇਲੋੜੀਆਂ ਸਪਰੇਆਂ ਨਾ ਕੀਤੀਆਂ ਜਾਣ । ਉਨ੍ਹਾਂ ਕਿਹਾ ਕਿ ਇਸ ਰੋਗ ਤੋਂ ਪ੍ਰਭਾਵਿਤ ਝੋਨੇ ਨੂੰ ਧੁੱਪ ਚੜ੍ਹਨ ’ਤੇ ਕਿਸਾਨ ਕੱਟਣ, ਜ਼ਿਆਦਾ ਸਵੇਰ ਜਾਂ ਸ਼ਾਮ ਨੂੰ ਝੋਨਾ ਨਾ ਕੱਟਿਆ ਜਾਵੇ ।

## ਇਸ ਬਰਸਾਤ ਵਿੱਚ
# ਕੁਦਰਤ ਕਿਉਂ ਇੰਨੀ ਨਿਰਦਈ ਹੋਈ

ਇਸ ਵਾਰ ਖ਼ਬਰਾਂ ਬੜੀਆਂ ਡਰਾਉਣੀਆਂ ਆਈਆਂ । ਮਣੀਮਹੇਸ਼ ਵਿੱਚ ਬੱਦਲ ਫਟਣ ਨਾਲ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਦੀ ਮੌਤ ਹੋਈ । ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨ ਕਰਨ ਜਾ ਰਹੇ ਸ਼ਰਧਾਲੂਆਂ 'ਤੇ ਪਹਾੜ ਡਿੱਗਣ ਨਾਲ 40-50 ਸ਼ਰਧਾਲੂ ਮੌਤ ਦੇ ਮੂੰਹ ਵਿੱਚ ਜਾ ਪਏ । ਰਾਜਸਥਾਨ ਵਿੱਚ ਜੋ ਸੋਕੇ ਦੀ ਲਪੇਟ ਵਿੱਚ ਸੀ, ਇਸ ਬਰਸਾਤ ਵਿੱਚ ਹੜ੍ਹਾਂ ਨਾਲ ਤੜਫ ਉੱਠਿਆ । ਹਿਮਾਚਲ ਪ੍ਰਦੇਸ਼ ਵਿੱਚ ਸਾਰੇ ਰਸਤੇ ਰੁਕ ਗਏ ।

ਕੁੱਲੂ-ਮਨਾਲੀ ਵਿੱਚ ਤਾਂ ਰੋਜ਼ ਬੱਦਲ ਫਟਦੇ ਰਹੇ, ਲੋਕ ਜੋ ਘੁੰਮਣ ਲਈ ਗਏ ਸਨ, ਥਾਂ-ਥਾਂ ਫਸ ਗਏ । ਪੰਜਾਬ ਅਤੇ ਜੰਮੂ-ਕਸ਼ਮੀਰ ਨੂੰ ਜੋੜਨ ਵਾਲਾ ਮਾਧੋਪੁਰ ਦਾ ਪੁਖਤਾ ਪੁਲ ਢਹਿ ਗਿਆ । ਜੰਮੂ-ਕਸ਼ਮੀਰ ਦਾ ਬਾਕੀ ਦੇਸ਼ ਨਾਲੋਂ ਸੰਬੰਧ ਟੁੱਟ ਗਿਆ । ਪਠਾਨਕੋਟ ਜ਼ਿਲ੍ਹੇ ਦੀ ਬਮਿਆਲ ਤਹਿਸੀਲ ਉੱਜ ਅਤੇ ਜਲਾਲੀ ਦਰਿਆਵਾਂ ਦੇ ਹੜ੍ਹਾਂ ਨਾਲ ਪਾਣੀ ਵਿੱਚ ਡੁੱਬ ਗਈ । ਸਰਹੱਦੀ ਪਿੰਡਾਂ ਦੇ ਪਿੰਡ ਪਾਣੀ ਵਿੱਚ ਡੁੱਬ ਗਏ । ਡੈਮਾਂ ਦਾ ਗੇਟ ਖੋਲ੍ਹ ਦੇਣ ਨਾਲ ਦਰਿਆ ਸੂਕਣ 'ਤੇ ਆ ਗਏ । ਪੰਜਾਬ ਦੇ ਰਾਵੀ, ਬਿਆਸ, ਸਤਲੁਜ ਅਤੇ ਹਰੀਕੇ ਪੱਤਣ ਦਰਿਆਵਾਂ ਨੇ ਕਹਿਰ ਢਾਹ ਦਿੱਤਾ । ਮੇਰਾ ਆਪਣਾ ਸ਼ਹਿਰ ਜਿਸ ਨੂੰ ਭੂਗੋਲਿਕ ਤੌਰ 'ਤੇ ਰਾਵੀ ਅਤੇ ਚੱਕੀ ਦਰਿਆ ਦੇ ਦਰਮਿਆਨ ਇੱਕ ਸੁੰਦਰ ਸ਼ਹਿਰ ਬਣਾਇਆ ਸੀ, ਉਸ ਦੀਆਂ ਚੂਲਾਂ ਵੀ ਬਰਸਾਤ ਨਾਲ ਹਿੱਲਣ ਲੱਗੀਆਂ । ਕਦੇ ਪਠਾਨਕੋਟ ਨੂੰ ਬਾਗਾਂ ਅਤੇ 'ਕੂਹਲਾਂ' ਦਾ ਸ਼ਹਿਰ ਕਿਹਾ ਜਾਂਦਾ ਹੈ । ਇਸ ਦਾ ਗਾਂਧੀ ਚੌਂਕ, ਕਾਲੀ ਮਾਤਾ ਮੰਦਰ ਰੋਡ ਗੰਦੇ ਪਾਣੀ ਨਾਲ ਭਰ ਗਏ ।

ਦੁਕਾਨਦਾਰਾਂ ਦਾ ਵੱਡਾ ਨੁਕਸਾਨ ਹੋਇਆ । ਕਾਰਨ ਇਹ ਕਿ ਪਠਾਨਕੋਟ ਸ਼ਹਿਰ ਵਿੱਚ 1950 ਦੇ ਦਹਾਕੇ ਤੱਕ 32 'ਕੂਹਲਾਂ' ਹੁੰਦੀਆਂ ਸਨ, ਜਿਨ੍ਹਾਂ ਤੋਂ ਪਠਾਨਕੋਟ ਦੇ ਖੇਤਾਂ ਅਤੇ ਬਾਗਾਂ ਦੀ ਸਿੰਚਾਈ ਹੁੰਦੀ ਸੀ । ਸ਼ਹਿਰ ਸਾਫ-ਸੁਥਰਾ ਰਹਿੰਦਾ ਸੀ । ਅੱਜ ਸ਼ਹਿਰ ਦੀਆਂ ਸਾਰੀਆਂ 32 ਕੂਹਲਾਂ 'ਤੇ ਕਬਜ਼ਾ ਹੋ ਚੁੱਕਾ ਹੈ । ਪਾਣੀ ਦੇ ਨਿਕਾਸ ਦਾ ਕੋਈ ਰਸਤਾ ਬਚਿਆ ਹੀ ਨਹੀਂ । ਸ਼ਹਿਰ ਦੇ 'ਸੀਵਰੇਜ ਸਿਸਟਮ' ਖ਼ਰਾਬ ਹੋ ਚੁੱਕਾ ਹੈ ਪਰ ਪ੍ਰਸ਼ਾਸਨ ਦਾ ਕੋਈ ਵੀ ਅਧਿਕਾਰੀ ਸੀਵਰੇਜ ਦੇ ਗੰਦੇ ਪਾਣੀ ਦੇ ਨਿਕਾਸ ਦੀ ਜ਼ਿੰਮੇਵਾਰੀ ਨਹੀਂ ਲੈਂਦਾ । ਭੂਗੋਲਿਕ ਤੌਰ 'ਤੇ ਪਠਾਨਕੋਟ ਕੁਦਰਤ ਦੀ ਗੋਦ ਵਿੱਚ ਵਸਿਆ ਸੁੰਦਰ ਸ਼ਹਿਰ ਹੈ ਪਰ ਮਨੁੱਖੀ ਗਲਤੀਆਂ ਨੇ ਇਸ ਸੁੰਦਰ ਸ਼ਹਿਰ ਨੂੰ ਨਰਕ ਬਣਾ ਦਿੱਤਾ ਹੈ । ਉਂਝ ਵੀ ਪਠਾਨਕੋਟ ਗੇਟ ਵੇਅ ਆਫ਼ ਇੰਡੀਆ ਕਿਹਾ ਜਾਂਦਾ ਹੈ ਪਰ ਐਮਰਜੈਂਸੀ ਵਿੱਚ ਇਸ ਨੂੰ ਸੰਭਾਲਣ ਵਾਲਾ ਕੋਈ ਨਹੀਂ । ਅੱਜ ਦੀ ਗੱਲ ਕਰਾਂ ਤਾਂ ਪੰਜਾਬ ਵਿੱਚ ਹਕੂਮਤ 'ਆਪ' ਦੀ, ਨਗਰ ਨਿਗਮ 'ਤੇ ਰਾਜ



ਮਾਸਟਰ ਮੋਹਨ ਲਾਲ
ਸਾਬਕਾ ਟਰਾਂਸਪੋਰਟ ਮੰਤਰੀ, ਪੰਜਾਬ

ਕਾਂਗਰਸ ਦਾ ਅਤੇ ਸਥਾਨਕ ਵਿਧਾਇਕ ਭਾਰਤੀ ਜਨਤਾ ਪਾਰਟੀ ਦਾ ਹੈ । ਇਸ ਲਈ ਪਠਾਨਕੋਟ ਦੇ ਪ੍ਰਸ਼ਾਸਨ ਨੂੰ ਤਿੰਨ-ਤਿੰਨ ਵੱਖ-ਵੱਖ ਦਿਸ਼ਾਵਾਂ ਵਿੱਚ ਖਿੱਚਿਆ ਜਾ ਰਿਹਾ ਹੈ । ਆਮ ਲੋਕ ਭਰਮ ਵਿੱਚ ਹਨ । ਸ਼ਹਿਰ ਦੀ ਵਿਕਾਸ ਦਰ ਮੱਠੀ ਹੋਈ ਹੈ । ਇਸ ਬਰਸਾਤ ਨੇ ਸਿੱਧ ਕਰ ਦਿੱਤਾ ਕਿ ਇਸ ਸ਼ਹਿਰ ਦਾ ਕੋਈ ਵਾਲੀ-ਵਾਰਿਸ ਨਹੀਂ, ਇਸ ਲਈ ਪਠਾਨਕੋਟ ਇੱਕ ਰੁਕਿਆ ਸ਼ਹਿਰ ਹੈ । ਰਾਵੀ, ਬਿਆਸ ਅਤੇ ਚੱਕੀ ਦਰਿਆਵਾਂ ਦੇ ਸੂਕਣ ਨੇ ਇਸ ਸ਼ਹਿਰ ਨੂੰ ਡਰਾ ਦਿੱਤਾ ਹੈ । ਡੈਮ ਅਤੇ ਬੈਰਾਜ ਦੇ ਗੇਟਾਂ ਨੂੰ ਖੋਲ੍ਹ ਦੇਣ ਨਾਲ ਤੂਫਾਨ ਜਿਹਾ ਆ ਗਿਆ ।

ਚੱਕੀ ਦਰਿਆ ਦੇ ਭਿਆਨਕ ਹੜ੍ਹ ਨਾਲ ਰੇਲਵੇ ਪੁਲ ਅਤੇ ਸੜਕੀ ਮਾਰਗ ਨੂੰ ਖਤਰਾ ਪੈਦਾ ਹੋ ਗਿਆ । ਨਤੀਜੇ ਵਜੋਂ ਆਵਾਜਾਈ ਨੂੰ ਗੁਰਦਾਸਪੁਰ ਵੱਲ ਮੋੜ ਦਿੱਤਾ ਗਿਆ । ਬਹਿਰਾਮਪੁਰ, ਮਕੌੜਾ, ਗਾਲ੍ਹੜੀ ਦੇ ਇਲਾਕਾ ਧੁੱਸੀ ਬੰਨ੍ਹ ਦੇ ਟੁੱਟਣ ਨਾਲ ਸਾਰੇ ਪਿੰਡ ਪਾਣੀ ਵਿੱਚ ਡੁੱਬ ਗਏ । ਇਹੀ ਹਾਲ ਦੋਰਾਂਗਲਾ ਸ਼ਹਿਰ ਦਾ ਹੋਇਆ । ਉਂਝ ਤਾਂ ਇਸ ਬਰਸਾਤ ਨੇ ਸਾਰੇ ਦੇਸ਼ ਦੀਆਂ ਚੂਲਾਂ ਹਿਲਾ ਦਿੱਤੀਆਂ ਪਰ ਪਠਾਨਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਨੂੰ ਹੜ੍ਹ ਦੇ ਪਾਣੀ ਨੇ ਘੇਰੀ ਰੱਖਿਆ ।

ਹੁਣ ਸਵਾਲ ਇਹ ਹੈ ਕਿ ਕੁਦਰਤ ਇੰਨੀ ਨਿਰਦਈ ਕਿਉਂ ਹੈ ? ਕੁਦਰਤ ਅਤੇ ਮਨੁੱਖ ਦਾ ਆਪਸ ਵਿੱਚ ਡੂੰਘਾ ਰਿਸ਼ਤਾ ਹੈ । ਦੋਵੇਂ ਇਕ-ਦੂਜੇ ਦੇ ਪੂਰਕ ਹਨ । ਹੋਇਆ ਇਹ ਕਿ ਮਨੁੱਖ ਕੁਦਰਤ ਨਾਲ ਪੰਗਾ ਲੈਣ ਤੋਂ ਡਰਦਾ ਨਹੀਂ । ਧਾਰਮਿਕ ਸਥਾਨਾਂ ਨੂੰ ਪਿਕਨਿਕ ਸਪਾਟ ਬਣਾ ਦਿੱਤਾ । ਪਵਿੱਤਰ ਧਾਰਮਿਕ ਸਥਾਨਾਂ 'ਤੇ ਵੱਡੇ ਡੈਮ ਤੇ ਵੱਡੀਆਂ ਝੀਲਾਂ ਬਣਨ ਨਾਲ ਇਸ ਦਾ ਪਾਣੀ ਪਹਾੜਾਂ ਵਿੱਚ ਦਾਖਲ ਹੋ ਗਿਆ । 'ਫੋਰ ਲੇਨ' ਅਤੇ 'ਸਿਕਸ ਲੇਨ' ਬਣਾਉਣ ਨਾਲ ਪਹਾੜਾਂ ਦਾ ਸੀਨਾ ਛੱਲਣੀ ਕਰ ਦਿੱਤਾ । ਜੰਗਲ ਦੇ ਜੰਗਲ ਵੱਢ ਕੇ ਪਹਾੜਾਂ ਨੂੰ ਰੁੰਡ-ਮੁੰਡ ਕਰ ਦਿੱਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਕੁਦਰਤ ਨੂੰ ਨੰਗਾ ਕਰ ਦਿੱਤਾ । ਇਸ ਦਾ ਨੁਕਸਾਨ ਤਾਂ ਹੋਣਾ ਹੀ ਸੀ, ਮਨੁੱਖ ਨੇ ਘੱਟ-ਘੱਟ ਸਮੇਂ ਵਿੱਚ ਵੱਧ ਤੋਂ ਵੱਧ ਵਿਕਾਸ ਕਰਨ ਲਈ ਕੁਦਰਤ ਦੀ ਮਰਿਆਦਾ ਦਾ ਖੰਡਨ ਕੀਤਾ । ਵਿਕਾਸ ਦੇ ਨਾਂ 'ਤੇ ਅੰਨ੍ਹੇਵਾਹ ਪ੍ਰਦੂਸ਼ਣ ਅਤੇ ਹੋਰ ਸਮੱਸਿਆਵਾਂ ਨੇ ਵਾਤਾਵਰਣ ਨੂੰ ਅਸੰਤੁਲਿਤ ਕਰ ਦਿੱਤਾ । ਕੁਦਰਤ ਦੇ ਮੁੱਖ ਨੂੰ ਜ਼ਹਿਰ ਨਾਲ ਭਰ ਦਿੱਤਾ । ਇਸ ਲਈ ਕੁਦਰਤੀ ਧਮਾਕਾ ਹੋ ਗਿਆ । ਕੁਦਰਤ 'ਤੇ ਵਿਕਾਰਾਂ ਨੂੰ ਥੋਪਿਆ ਗਿਆ । ਮਨੁੱਖ ਨੇ ਦੂਰ-ਦ੍ਰਿਸ਼ਟੀ ਛੱਡ ਦਿੱਤੀ, 'ਚਿੰਤਨ ਜ਼ੀਰੋ' ਅਪਣਾ ਲਿਆ । ਮਨੁੱਖ ਦੁਨੀਆਂ ਵਿੱਚ ਕਤਲੇਆਮ ਦਾ ਰਸਤਾ ਅਪਣਾ ਕੇ ਖ਼ੁਦ ਤਬਾਹ ਹੋ ਰਿਹਾ ਹੈ ।

ਪਾਣੀ ਅਤੇ ਰੁੱਖ ਠੰਢਕ ਮੁਹੱਈਆ ਕਰਦੇ ਹਨ, ਪਾਣੀ ਸਾਫ ਤਾਂ ਮਨੁੱਖ ਦੀ ਜ਼ਿੰਦਗੀ ਸਾਫ, ਪਾਣੀ, ਹਵਾ ਅਤੇ ਮਿੱਟੀ ਪ੍ਰਦੂਸ਼ਿਤ ਹੋਏ ਤਾਂ ਮਨੁੱਖ ਨੂੰ ਕਈ ਕਿਸਮ ਦੇ ਰੋਗ ਘੇਰ ਲੈਣਗੇ । ਸਿਰਫ ਫੋਟੋ ਖਿਚਵਾਉਣ ਲਈ ਰੁੱਖ ਨਾ ਲਾਓ, ਰੁੱਖਾਂ ਦੀ ਰੱਖਿਆ ਕਰੋ, ਉਨ੍ਹਾਂ ਨੂੰ ਆਪਣੇ ਪਰਿਵਾਰ ਦਾ ਅੰਗ ਬਣਾਓ । ਸਾਡੇ ਵੇਦ, ਸ਼ਾਸਤਰ, ਉਪਨਿਸ਼ਦ ਪੁਰਾਣੇ ਰੁੱਖਾਂ ਦੇ ਹੇਠਾਂ ਬੈਠ ਕੇ ਲਿਖੇ ਗਏ ਹਨ । ਸ੍ਰੀ ਦਰਬਾਰ ਸਾਹਿਬ ਵਿਖੇ ਦੋਵਾਂ ਬੇਰੀਆਂ ਨੂੰ ਪਵਿੱਤਰ ਮੰਨਿਆ ਗਿਆ ਹੈ ਕਿਉਂਕਿ ਇਨ੍ਹਾਂ ਦੀ ਹੀ ਠੰਢੀ ਛਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਗਈ । ਰੁੱਖਾਂ ਦੀ ਸਮੁੱਚੀ ਹਰਿਆਲੀ ਮਨੁੱਖਾਂ ਅਤੇ ਜਾਨਵਰਾਂ ਲਈ ਢੁੱਕਵੀਂ ਹੈ । ਜੇਕਰ ਮਨੁੱਖਾਂ ਨੂੰ ਰੁੱਖਾਂ ਤੋਂ ਆਕਸੀਜਨ ਨਹੀਂ ਮਿਲਦੀ, ਤਾਂ ਉਹ ਖ਼ਤਰੇ ਵਿੱਚ ਪੈ ਜਾਣਗੇ । ਆਤਮਾ ਨੂੰ ਹਰਿਆਲੀ ਵਿੱਚ ਹੀ ਸ਼ਾਂਤੀ ਮਿਲੇਗੀ ।

ਬਾਕੀ ਸਫਾ 3 ਦੀ

## ਤਰੱਕੀ ਦਾ ਰਾਹ – ਕਿਸਾਨ ਮੇਲਾ

ਜਾਂਦੀਆਂ ਹਨ । ਇਸ ਤੋਂ ਇਲਾਵਾ ਪਸ਼ੂ-ਧਨ ਪ੍ਰਦਰਸ਼ਨੀਆਂ ਦੀਆਂ ਸਟਾਲਾਂ ਵੀ ਕਿਸਾਨ ਵੀਰਾਂ ਦੇ ਠਾਠਾਂ ਮਾਰਦੇ ਇਕੱਠ ਲਈ ਖਿੱਚ ਦਾ ਕੇਂਦਰ ਬਣੀਆਂ ਰਹਿੰਦੀਆਂ ਹਨ । ਚੰਗੀ ਨਸਲ ਦੀਆਂ ਮੱਝਾਂ, ਗਾਵਾਂ, ਬੱਕਰੀਆਂ, ਸੂਰ, ਮੁਰਗੀਆਂ ਅਤੇ ਮੱਛੀਆਂ ਆਦਿ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਪਸ਼ੂ ਮੇਲਾ ਗਰਾਊਂਡ ਪ੍ਰਦਰਸ਼ਨੀ ਵਿੱਚ ਕਿਸਾਨ ਵੀਰਾਂ ਨਾਲ ਸਾਂਝੀ ਕਰੀ ਜਾਂਦੀ ਹੈ । ਇਸ ਤੋਂ ਇਲਾਵਾ ਪਸ਼ੂਆਂ ਦੇ ਸੰਤੁਲਿਤ ਚਾਰੇ ਅਤੇ ਪੌਸ਼ਟਿਕਤਾ ਭਰਪੂਰ ਫੀਡ ਵੀ ਕਿਸਾਨ ਮੇਲੇ 'ਤੇ ਸਟਾਲਾਂ ਦਾ ਸ਼ਿੰਗਾਰ ਬਣਦੇ ਹਨ ।

ਇੱਕ ਹੋਰ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਇਹ ਹੈ ਕਿ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ 'ਖੇਤੀ ਸੰਦੇਸ਼' ਨਾਮ ਦਾ ਡਿਜੀਟਲ ਅਖ਼ਬਾਰ ਜਾਰੀ ਕੀਤਾ ਗਿਆ ਹੈ, ਜੋ ਕਿਸਾਨ ਵੀਰਾਂ ਲਈ ਖੇਤੀ ਨਾਲ ਸੰਬੰਧਿਤ ਜਾਣਕਾਰੀ ਲੈ ਕੇ ਆਉਂਦਾ ਹੈ । ਇਸ ਅਖ਼ਬਾਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਿੱਧਾ ਤੁਹਾਡੇ ਤੁਹਾਡੇ ਮੋਬਾਇਲ ਫ਼ੋਨ ਉੱਪਰ ਪਹੁੰਚਦਾ ਹੈ । ਇਸ ਅਖ਼ਬਾਰ ਨੂੰ ਹਾਸਿਲ ਕਰਨ ਲਈ ਮੋਬਾਇਲ ਨੰਬਰ 82880-57707 'ਤੇ ਮਿਸ ਕਾਲ ਕਰੋ ਜਾਂ ਇਸੇ ਹੀ ਨੰਬਰ 'ਤੇ ਵ੍ਹਟਸਐਪ ਰਾਹੀਂ ਆਪਣਾ ਨਾਂ, ਪਿੰਡ ਤੇ ਜ਼ਿਲ੍ਹੇ ਦਾ ਨਾਮ ਲਿਖ ਕੇ ਮੈਸਜ ਕਰੋ, ਤਾਂ ਜੋ ਖੇਤੀਬਾੜੀ ਦੀਆਂ ਵਿਗਿਆਨਕ ਤਕਨੀਕਾਂ ਦੀ ਜਾਣਕਾਰੀ ਸਿੱਧੀ ਤੁਹਾਡੇ ਤੱਕ ਪਹੁੰਚ ਸਕੇ । ਪਿਛਲੇ ਕਿਸਾਨ ਮੇਲੇ ਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਇੱਕ ਮੋਬਾਇਲ ਐਪ 'ਪੀਏਯੂ ਕਿਸਾਨ ਐਪ' ਵੀ ਮੁਹੱਈਆ ਕਰਵਾਈ ਗਈ ਹੈ । ਜੋ ਕਿਸੇ ਵੀ ਸਮਾਰਟ ਫ਼ੋਨ 'ਤੇ ਡਾਊਨਲੋਡ ਕਰੀ ਜਾ ਸਕਦੀ ਹੈ । ਇਸ ਕਿਸਾਨ ਐਪ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਖੇਤੀਬਾੜੀ ਨਾਲ ਸੰਬੰਧਿਤ ਜ਼ਿਲ੍ਹਾ ਪੱਧਰੀ ਜਾਣਕਾਰੀ ਪੰਜਾਬੀ ਵਿੱਚ ਸਿੱਧਾ ਤੁਹਾਡੇ ਫੋਨ 'ਤੇ ਮੁਹੱਈਆ ਕਰਵਾਈ ਗਈ ਹੈ ।

ਇਸ ਤੋਂ ਇਲਾਵਾ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ, ਕਿਸਾਨਾਂ ਨੂੰ ਸਮਾਜਿਕ ਪੱਖਾਂ ਅਤੇ ਜ਼ਿੰਮੇਵਾਰੀਆਂ ਸੰਬੰਧੀ ਵੀ ਸੁਚੇਤ ਕੀਤਾ ਜਾਂਦਾ ਹੈ । 'ਸਾਦੇ ਵਿਆਹ - ਸਾਦੇ ਭੋਗ ਨਾ ਕਰਜ਼ਾ ਨਾ ਚਿੰਤਾ ਰੋਗ' ਵੱਲ ਕਿਸਾਨਾਂ ਦਾ ਧਿਆਨ ਕੇਂਦ੍ਰਿਤ ਕਰਨ ਨਾਲ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ । ਇਸ ਵਿਸ਼ੇ ਸੰਬੰਧੀ ਕਿਸਾਨਾਂ ਨੂੰ ਖੁਸ਼ੀ ਅਤੇ ਗਮੀ ਮੌਕੇ ਸਾਦੇ ਸਮਾਗਮ ਕਰਨ ਲਈ ਪ੍ਰੇਰਿਆ ਜਾਂਦਾ ਹੈ ਅਤੇ ਹਜ਼ਾਰਾਂ ਕਿਸਾਨਾਂ ਨੇ ਪਿਛਲੇ ਮੇਲਿਆਂ



ਵਿੱਚ ਤਹਿਤ ਲਗਾਏ ਵਿਸ਼ੇਸ਼ ਬੈਨਰ ਤੇ ਆਪਣੇ ਦਸਤਖ਼ਤ ਕਰਕੇ ਭਵਿੱਖ ਵਿੱਚ ਸਧਾਰਨ ਤੋਂ ਘੱਟ ਖਰਚ ਵਾਲੇ ਪ੍ਰੋਗਰਾਮ ਕਰਨ ਦਾ ਪ੍ਰਣ ਵੀ ਲਿਆ ।

ਕਿਸਾਨ ਮੇਲੇ ਵਿੱਚ ਖੇਤੀ ਜਿਣਸਾਂ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਅਤੇ ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ ਹਨ । ਇਸ ਤੋਂ ਇਲਾਵਾ ਅਗਾਂਹਵਧੂ ਕਿਸਾਨਾਂ ਨੂੰ ਉਨ੍ਹਾਂ ਦੀਆਂ ਵਿਗਿਆਨਕ ਢੰਗਾਂ ਨਾਲ ਖੇਤੀ ਕਰਕੇ ਖੇਤੀ ਖੇਤਰ ਵਿੱਚ ਮਾਰੀਆਂ ਮੱਲਾਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਂਦਾ ਹੈ ਤਾਂ ਜੋ ਬਾਕੀ ਕਿਸਾਨ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਵਿਗਿਆਨਿਕ ਖੇਤੀਬਾੜੀ ਵੱਲ ਉਤਸ਼ਾਹਿਤ ਹੋਣ ।

ਕਿਸਾਨ ਵੀਰੋ, ਤੁਹਾਨੂੰ ਸਾਰਿਆਂ ਨੂੰ ਇਨ੍ਹਾਂ ਕਿਸਾਨ ਮੇਲਿਆਂ ਵਿੱਚ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ । ਚੰਗਾ ਹੋਵੇਗਾ ਜੇਕਰ ਕਿਸਾਨਾਂ ਦੇ ਬੱਚੇ ਅਤੇ ਬੱਚੀਆਂ ਵੀ ਇਨ੍ਹਾਂ ਮੇਲਿਆਂ ਵਿੱਚ ਸਿਰਕਤ ਕਰਨ । ਕਿਉਂਕਿ ਵਿਗਿਆਨੀਆਂ ਨਾਲ ਰੂ-ਬ-ਰੂ ਹੋ ਕੇ ਬੱਚਿਆਂ ਅੰਦਰ ਕਈ ਤਰ੍ਹਾਂ ਦੇ ਨਵੇਂ ਵਿਚਾਰ ਉਤਪੰਨ ਹੁੰਦੇ ਹਨ ਅਤੇ ਉਹ ਵਿਗਿਆਨੀ ਬਣਨ ਦਾ ਸੁਪਨਾ ਵੀ ਦੇਖ ਸਕਦੇ ਹਨ । ਯੂਨੀਵਰਸਿਟੀ ਵਿੱਚ ਪੜ੍ਹਾਏ ਜਾ ਰਹੇ ਡਿਗਰੀ ਅਤੇ ਡਿਪਲੋਮਾ ਕੋਰਸਾਂ ਦੀ ਜਾਣਕਾਰੀ ਵੀ ਤੁਹਾਨੂੰ ਕਿਸਾਨ ਮੇਲਿਆਂ ਵਿੱਚ ਮੁਹੱਈਆ ਹੁੰਦੀ ਹੈ ਜਿਸ ਨਾਲ ਅੱਜ ਦੇ ਕਿਸਾਨ ਬੱਚੇ ਕੱਲ ਦੇ ਖੇਤੀਬਾੜੀ ਮਾਹਿਰ ਬਣਨ ਲਈ ਪ੍ਰੇਰਿਤ ਹੋ ਸਕਦੇ ਹਨ । ਇਸ ਤੋਂ ਇਲਾਵਾ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿੱਚ ਪੁਰਾਣੇ ਸੱਭਿਆਚਾਰ ਦਾ ਅਜਾਇਬ ਘਰ ਵੀ ਮੇਲੇ ਵਿੱਚ ਖਿੱਚ ਦਾ ਕੇਂਦਰ ਬਣਿਆ ਰਹਿੰਦਾ ਹੈ । ਇੱਥੇ ਪੁਰਾਣੀਆਂ ਪੰਜਾਬੀ ਵਸਤੂਆਂ ਸੰਭਾਲ ਕੇ ਰੱਖੀਆਂ ਹੋਈਆਂ ਹਨ । ਨਵੀਂ ਪੀੜ੍ਹੀ ਨੂੰ ਪੁਰਾਣੇ ਪੰਜਾਬੀ ਵਿਰਸੇ ਨਾਲ ਰੂ-ਬ-ਰੂ ਕਰਾਉਣ ਲਈ 'ਅਜਾਇਬ ਘਰ' ਦਾ ਚੱਕਰ ਵੀ ਜ਼ਰੂਰ ਲਗਵਾਉ, ਤਾਂ ਜੋ ਨਵੀਆਂ ਕਰੂੰਬਲਾਂ ਨੂੰ ਡੂੰਘੀਆਂ ਜੜ੍ਹਾਂ ਨਾਲ ਸੰਜੋ ਕੇ ਰੱਖਿਆ ਜਾ ਸਕੇ ।

**"ਚੰਨਣ, ਨਾਜ਼ਰ, ਬੰਤੂ, ਸੰਤੂ ਸੱਦ ਲਏ ਆ ਕੇ ਗੇਲੇ**
**ਸਤੰਬਰ ਮਹੀਨਾ ਚੜ੍ਹ ਆਇਆ, ਚੱਲੋ ਮਿੱਤਰੋ ਪੀ. ਏ. ਯੂ. ਦੇ ਮੇਲੇ ।"**






# ਆਮਦਨ ਦਾ ਵੱਡਾ ਸਰੋਤ
# ਰੇਸ਼ਮ ਦੇ ਕੀੜੇ ਪਾਲਣਾ

**ਰੇਸ਼ਮ ਦੇ ਕੀੜੇ ਪਾਲਣ ਦਾ ਧੰਦਾ ਪੰਜਾਬ ਵਿੱਚ ਘੱਟ ਹੁੰਦਾ ਹੈ ਜਦਕਿ ਇਹ ਖੇਤੀ ਨਾਲ ਜੁੜੇ ਹੋਰ ਧੰਦਿਆਂ ਵਾਂਗ ਹੀ ਸਭ ਤੋਂ ਵੱਧ ਲਾਹੇਵੰਦ ਹੈ...**

ਬ੍ਰਿਸ਼ ਭਾਨ ਬੁਜਰਕ, ਮੋਬਾਇਲ : 98761-01698

ਸਰਕਾਰ ਵਲੋਂ ਰੇਸ਼ਮ ਉਤਪਾਦਨ ਦੇ ਧੰਦੇ ਵੱਲ ਬਹੁਤ ਹੀ ਘੱਟ ਧਿਆਨ ਦਿੱਤਾ ਜਾਂਦਾ ਹੈ। ਖੇਤੀ ਨਾਲ ਚੱਲ ਰਹੇ ਹੋਰ ਸਹਾਇਕ ਧੰਦਿਆਂ ਦੀ ਤਰ੍ਹਾਂ ਸਰਕਾਰ ਨੂੰ ਰੇਸ਼ਮ ਦੇ ਕੀੜੇ ਪਾਲਣ ਦੇ ਧੰਦੇ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਵਿੱਚ ਸਿਰਫ਼ ਪੰਜ ਸੌ ਕਿਸਾਨ ਰੇਸ਼ਮੀ ਕੀੜੇ ਪਾਲ ਰਹੇ ਹਨ। ਸਭ ਤੋਂ ਵੱਧ ਰੇਸ਼ਮੀ ਕੀਟ ਪਾਲਣ ਦਾ ਧੰਦਾ ਪਠਾਨਕੋਟ ਨੇੜੇ ਧਾਰ ਬਲਾਕ ਵਿੱਚ ਹੁੰਦਾ ਹੈ। ਮੌਜੂਦਾ ਸਰਕਾਰ ਵਲੋਂ ਇਸ ਧੰਦੇ ਨੂੰ ਪ੍ਰਫੁਲਿਤ ਕਰਨ ਲਈ ਡਲਹੌਜੀ ਵਿਖੇ ਇੱਕ ਪ੍ਰਜੈਕਟ ਵੀ ਚਲਾਇਆ ਹੈ। ਪਠਾਨਕੋਟ ਤੋਂ ਇਲਾਵਾ ਰੋਪੜ ਦੇ



ਨੂਰਪੁਰਬੇਦੀ ਹਰਿਆਣਾ ਰਾਜ ਦੇ ਪੰਚਕੂਲਾ, ਅੰਬਾਲਾ ਤੇ ਯਮੁਨਾਨਗਰ ਨੇੜੇ ਵੀ ਰੇਸ਼ਮੀ ਕੀਟ ਪਾਲਣ ਦਾ ਧੰਦਾ ਕੀਤਾ ਜਾ ਰਿਹਾ ਹੈ। ਹਿਮਾਚਲ ਪ੍ਰਦੇਸ਼ ਵਿੱਚ ਚਾਰ ਹਜ਼ਾਰ ਦੇ ਕਰੀਬ ਕਿਸਾਨ ਕੀੜੇ ਪਾਲਣ ਦਾ ਕੰਮ ਕਰਦੇ ਹਨ। ਇਸ ਤੋਂ ਇਲਾਵਾ, ਯੂ.ਪੀ., ਅਸਾਮ, ਮਨੀਪੁਰ, ਕਰਨਾਟਕ, ਬੰਗਲੌਰ ਵਿੱਚ ਵੀ ਰੇਸ਼ਮੀ ਕੀੜਾ ਪਾਲਿਆ ਜਾਂਦਾ ਹੈ। ਦੇਸ਼ ਵਿੱਚ ਤਕਰੀਬਨ 21,000 ਟਨ ਤੋਂ ਵੱਧ ਰੇਸ਼ਮ ਦਾ ਉਤਪਾਦਨ ਹਰ ਸਾਲ ਹੋ ਰਿਹਾ ਹੈ। ਰੇਸ਼ਮ ਦੀ ਪੈਦਾਵਾਰ ਵਿੱਚ ਪਹਿਲੇ ਨੰਬਰ 'ਤੇ ਚੀਨ, ਦੂਸਰੇ 'ਤੇ ਭਾਰਤ ਤੇ ਤੀਸਰੇ ਨੰਬਰ 'ਤੇ ਜਪਾਨ ਆਉਂਦਾ ਹੈ।

### ਸੂਬੇ ਵਿੱਚ ਖੋਲ੍ਹਣੇ ਚਾਹੀਦੇ ਟ੍ਰੇਨਿੰਗ ਸਕੂਲ

ਰੇਸ਼ਮ ਉਤਪਾਦਨ ਵਿੱਚ ਵਾਧਾ ਕਰਨ ਲਈ ਕੇਂਦਰੀ ਰੇਸ਼ਮ ਬੋਰਡ ਨੂੰ ਹਰ ਸੂਬੇ ਵਿੱਚ ਟ੍ਰੇਨਿੰਗ ਸਕੂਲ ਖੋਲ੍ਹਣੇ ਚਾਹੀਦੇ ਹਨ। ਖਾਲੀ ਪਈਆਂ ਸਰਕਾਰੀ ਜ਼ਮੀਨਾਂ, ਨਹਿਰਾਂ ਤੇ ਸੜਕਾਂ ਕਿਨਾਰੇ ਸ਼ਹਿਤੂਤ ਦੇ ਬੂਟੇ ਲਾ ਕੇ ਕਿਸਾਨਾਂ ਨੂੰ ਇਸ ਧੰਦੇ ਵੱਲ ਲਿਆਉਣਾ ਚਾਹੀਦਾ ਹੈ। ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਇਲਾਕੇ ਵਿੱਚ ਸੈਰੀਕਲਚਰ ਟ੍ਰੇਨਿੰਗ ਸਕੂਲ ਵੱਲੋਂ ਇਸ ਕਿੱਤੇ ਪ੍ਰਤੀ 45 ਦਿਨਾਂ ਦੀ ਸਿਖਲਾਈ ਦਿੱਤੀ ਜਾਂਦੀ ਸੀ। ਇਹ ਸਕੂਲ ਪਿੰਡ ਰਾਮਪੁਰ ਪਸਵਾਲ ਡਾਕਖਾਨਾ ਪਲਾਸੀ ਕਲਾਂ ਜ਼ਿਲ੍ਹਾ ਸੋਲਨ ਵਿੱਚ ਆਉਂਦਾ ਹੈ। ਸਕੂਲ ਕੇਂਦਰ ਸਰਕਾਰ ਦੀ ਦੇਖ-ਰੇਖ ਹੇਠ ਚੱਲਦਾ ਸੀ। ਜਿਹੜਾ ਹੁਣ ਹਿਮਾਚਲ ਸਰਕਾਰ ਨੂੰ ਦੇ ਦਿੱਤਾ ਗਿਆ ਹੈ। ਰੇਸ਼ਮ ਦੇ ਕੀੜੇ ਸਾਲ ਵਿੱਚ ਦੋ ਵਾਰੀ ਪਾਲੇ ਜਾਂਦੇ ਹਨ। ਪਹਿਲਾਂ ਸੀਜਨ ਅਗਸਤ-ਸਤੰਬਰ ਹੁੰਦਾ ਹੈ, ਪਰ ਮੁੱਖ ਫ਼ਸਲ ਮਾਰਚ-ਅਪ੍ਰੈਲ ਵਾਲੀ ਹੀ ਮੰਨੀ ਜਾਂਦੀ ਹੈ। ਰੇਸ਼ਮੀ ਕੀੜੇ ਦੇ ਅੰਡੇ ਤੋਂ ਲੈ ਕੇ ਰੇਸ਼ਮ ਤਿਆਰ ਹੋਣ ਤੱਕ 40 ਦਿਨ ਦਾ ਸਮਾਂ ਲੱਗਦਾ ਹੈ। ਕੀੜਿਆਂ ਦਾ ਪਾਲਣ ਲਈ 7-8 ਕੁਇੰਟਲ ਸ਼ਹਿਤੂਤ ਦੇ ਪੱਤਿਆਂ ਦੀ ਜ਼ਰੂਰਤ ਪੈਂਦੀ ਹੈ। ਇਸ ਵਿੱਚ 40 ਤੋਂ 45 ਹਜ਼ਾਰ ਕੀੜੇ ਹੁੰਦੇ ਹਨ। ਕੀੜਿਆਂ ਨੂੰ ਪਾਲਣ ਲਈ ਤਾਪਮਾਨ 26 ਡਿਗਰੀ ਸੈਂਟੀਗਰੇਡ ਤੇ ਨਮੀ 22 ਡਿਗਰੀ ਤੱਕ ਚਾਹੀਦੀ ਹੈ। ਤਾਪਮਾਨ ਘਟਣ-ਵਧਣ ਨਾਲ ਬੀਮਾਰੀ ਫੈਲਣ ਦਾ ਖ਼ਤਰਾ ਰਹਿੰਦਾ ਹੈ। ਕੀੜਿਆਂ ਨੂੰ ਨਮੀ ਵਿੱਚ ਨਹੀਂ ਪਾਇਆ ਜਾਂਦਾ।

### ਕਿਵੇਂ ਤਿਆਰ ਹੁੰਦੇ ਰੇਸ਼ਮ ਦੇ ਕੀੜੇ

ਸ਼ਹਿਤੂਤ ਦੇ ਬੂਟੇ ਲਾਉਣ ਦਾ ਸਮਾਂ ਦਸੰਬਰ-ਜਨਵਰੀ ਹੁੰਦਾ ਹੈ। ਇੱਕ ਏਕੜ ਵਿੱਚ ਚਾਰ ਹਜ਼ਾਰ ਪੌਦੇ ਲਾਏ ਜਾਂਦੇ ਹਨ। ਪ੍ਰਤੀ ਏਕੜ 15-20 ਟਨ ਵਾਲੀ ਗਲੀ-ਸੜੀ ਰੂੜੀ ਦੀ ਖਾਦ ਪਾ ਕੇ ਜ਼ਮੀਨ ਦੀ ਤਿਆਰੀ ਕੀਤੀ ਜਾਂਦੀ ਹੈ। ਸਿਓਕ ਤੋਂ ਬਚਾਉਣ ਲਈ ਬੂਟਿਆਂ ਦੀਆਂ ਜੜ੍ਹਾਂ ਵਿੱਚ ਬੀ.ਐੱਚ.ਸੀ. ਪਾਈ ਜਾਂਦੀ ਹੈ। ਕਿਸਾਨਾਂ ਨੂੰ ਸ਼ਹਿਤੂਤ ਦੇ ਬੂਟੇ ਸਰਕਾਰੀ ਫ਼ਾਰਮਾਂ ਤੋਂ ਮਿਲ ਜਾਂਦੇ ਹਨ। ਆਂਡਿਆਂ ਵਿੱਚੋਂ 10 ਦਿਨਾਂ ਬਾਅਦ ਸੁੰਡੀਆਂ ਨਿਕਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਉਸ ਤੋਂ ਬਾਅਦ ਹੀ ਬਰੀਕ ਪੱਤਾ ਪਾਇਆ ਜਾਂਦਾ ਹੈ। ਪੱਤਾ ਪਾਉਣ ਤੋਂ ਚਾਰ ਦਿਨਾਂ ਬਾਅਦ 16 ਖ਼ੁਰਾਕਾਂ ਖਾ ਕੇ ਕੀੜਾ ਪਹਿਲੀ ਵਾਰ ਨੀਂਦ ਵਿੱਚ ਆਉਂਦਾ ਹੈ। ਪਹਿਲੀ ਨੀਂਦ 16 ਤੋਂ 24 ਘੰਟੇ ਦੀ ਹੁੰਦੀ ਹੈ। ਨੀਂਦ ਸਮੇਂ ਕੀੜੇ ਨੂੰ ਪੱਤਾ ਨਹੀਂ ਪਾਇਆ ਜਾਂਦਾ। ਇਸ ਤਰ੍ਹਾਂ ਰੇਸ਼ਮ ਦਾ ਕੀੜਾ 45 ਦਿਨਾਂ ਵਿੱਚ ਚਾਰ ਵਾਰੀ ਨੀਂਦ ਲੈਂਦਾ ਹੈ। ਕਿਸਾਨਾਂ ਨੂੰ ਆਮ ਤੌਰ 'ਤੇ ਦੂਸਰੀ ਨੀਂਦ ਤੋਂ ਬਾਅਦ 15 ਦਿਨਾਂ ਦੇ ਕੀੜੇ ਦਿੱਤੇ ਜਾਂਦੇ ਹਨ। ਕਿਸਾਨਾਂ ਨੂੰ 30 ਦਿਨ ਹੀ ਕੀੜੇ ਪਾਲਣੇ ਪੈਂਦੇ ਹਨ। ਕੀੜੇ ਪਾਲਣ ਲਈ ਸੈਲਫਾਂ ਅਤੇ ਟਰੇਆਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਹਨਾਂ ਨੂੰ ਕਮਰੇ ਵਿੱਚ ਰੱਖਿਆ ਜਾਂਦਾ ਹੈ। ਇਹਨਾਂ ਟਰੇਆਂ ਵਿੱਚ ਹੀ ਕੀੜਿਆਂ ਨੂੰ ਪੱਤੇ ਪਾਏ ਜਾਂਦੇ ਹਨ। ਸਮੇਂ ਦੇ ਹਿਸਾਬ ਨਾਲ ਸਫਾਈ ਕੀਤੀ ਜਾਂਦੀ ਹੈ। ਵਧੀਆ ਕਿਸਮ ਦਾ ਰੇਸ਼ਮ ਸ਼ਹਿਤੂਤ ਦੇ ਪੱਤਿਆਂ 'ਤੇ ਪਾਲਣ ਵਾਲੇ ਕੀੜੇ ਦਾ ਹੁੰਦਾ ਹੈ।

### ਨਕਲੀ ਰੇਸ਼ਮ

ਭਾਰਤੀ ਰੇਸ਼ਮ ਮਾਰਕ ਸੰਗਠਨ ਵੱਲੋਂ ਕੀਤੇ ਗਏ ਇੱਕ ਅਧਿਐਨ ਦੌਰਾਨ ਦੇਖਿਆ ਗਿਆ ਹੈ ਕਿ ਦੇਸ਼ ਵਿੱਚ ਹਰ 10 ਵਿਅਕਤੀਆਂ ਵਿੱਚੋਂ 6 ਵਿਅਕਤੀ ਨਕਲੀ ਰੇਸ਼ਮ ਜਾਂ ਨਕਲੀ ਰੇਸ਼ਮ ਤੋਂ ਬਣੀਆਂ ਚੀਜ਼ਾਂ ਖਰੀਦ ਰਹੇ ਹਨ ਕਿਉਂਕਿ ਨਕਲੀ ਰੇਸ਼ਮ, ਅਸਲੀ ਦੇ ਮੁਕਾਬਲੇ ਕਾਫੀ ਸਸਤਾ ਹੁੰਦਾ ਹੈ। ਦੇਸ਼ ਵਿੱਚ ਸਾਲਾਨਾ 21 ਹਜ਼ਾਰ ਟਨ ਰੇਸ਼ਮ ਦਾ ਉਤਪਾਦਨ ਹੁੰਦਾ ਹੈ। ਜਦਕਿ ਹਰ ਸਾਲ 8000 ਟਨ ਰੇਸ਼ਮ ਚੀਨ ਕੋਲੋਂ ਲੈਣਾ ਪੈਂਦਾ ਹੈ। ਬਾਜ਼ਾਰ ਵਿੱਚ ਵਧੀਆ ਰੇਸ਼ਮ ਦੀ ਕੀਮਤ ਤਿੰਨ ਹਜ਼ਾਰ ਰੁਪਏ ਪ੍ਰਤੀ ਕਿੱਲੋ ਤੱਕ ਹੈ। ਨਕਲੀ ਰੇਸ਼ਮ ਸਿਰਫ਼ ਤਿੰਨ ਸੌ ਰੁਪਏ ਪ੍ਰਤੀ ਕਿਲੋ ਮਿਲ ਜਾਂਦੀ ਹੈ। ਸੰਗਠਨ ਦੇ ਮੁਖੀ ਕੇ.ਐੱਸ. ਸੁਕਮਾਰ ਮੈਨਨ ਅਨੁਸਾਰ ਦੇਸ਼ ਵਿੱਚ ਰੇਸ਼ਮ ਦੀ ਪੈਦਾਵਾਰ ਦਾ 60 ਫ਼ੀਸਦੀ ਹਿੱਸਾ ਕਰਨਾਟਕ ਪੈਦਾ ਕਰ ਰਿਹਾ ਹੈ, ਜਦਕਿ ਬਾਕੀ ਪੈਦਾਵਾਰ ਤਾਮਿਲਨਾਡੂ, ਅਸਾਮ, ਜੰਮੂ-ਕਸ਼ਮੀਰ ਅਤੇ ਹੋਰ ਰਾਜ ਕਰ ਰਹੇ ਹਨ। ਰੇਸ਼ਮ ਤੋਂ ਤਿਆਰ ਕੀਤੀਆਂ ਵਸਤੂਆਂ ਨੂੰ ਯੂਰਪ ਵਿੱਚ ਭੇਜਿਆ ਜਾਂਦਾ ਹੈ। ਕੇਂਦਰੀ ਰੇਸ਼ਮ ਬੋਰਡ ਨੇ ਆਪਣੀ ਬਾਰ੍ਹਵੀਂ ਪੰਜ ਸਾਲਾ ਯੋਜਨਾ ਤਹਿਤ 2012 ਤੋਂ 2017 ਤੱਕ ਕੇਂਦਰ ਸਰਕਾਰ ਨੂੰ 1500 ਕਰੋੜ ਰੁਪਏ ਦੇ ਬਜਟ ਨਹੀਂ ਕਿਹਾ ਸੀ, ਜਦਕਿ ਗਿਆਰਵੀਂ ਪੰਜ ਸਾਲਾ ਯੋਜਨਾ ਵਿੱਚ 661 ਕਰੋੜ ਦਾ ਬਜਟ ਸੀ।

### ਦੇਸ਼ ਵਿੱਚ 70 ਫ਼ੀਸਦੀ ਉਤਪਾਦਨ

ਰੇਸ਼ਮ ਬੋਰਡ ਦੇ ਉਪ ਸਕੱਤਰ ਡਾ. ਆਰ. ਡੀ. ਸਿੰਘ ਮੁਤਾਬਿਕ ਦੇਸ਼ ਵਿੱਚ ਰੇਸ਼ਮ ਦੀ ਖਪਤ ਦੇ ਮੁਕਾਬਲੇ ਉਤਪਾਦਨ 70 ਫ਼ੀਸਦੀ ਹੋ ਰਿਹਾ ਹੈ। ਸਾਲ 2009-10 ਦੌਰਾਨ ਦੇਸ਼ ਵਿੱਚ 19,690 ਟਨ ਰੇਸ਼ਮ ਉਤਪਾਦਨ ਹੋਇਆ ਸੀ ਤੇ 2010-11 ਦੌਰਾਨ ਵੱਧ ਕੇ 21,000 ਟਨ ਹੋ ਗਿਆ ਸੀ। ਪਰ ਖਪਤ ਹਰ ਸਾਲ 30,000 ਟਨ ਰੇਸ਼ਮ ਦੀ ਹੈ। ਖਪਤ ਹਰ ਸਾਲ 10 ਫ਼ੀਸਦੀ ਦੀ ਦਰ ਨਾਲ ਵਧ ਰਹੀ ਹੈ ਪਰ ਉਤਪਾਦਨ ਵਿੱਚ 7 ਫ਼ੀਸਦੀ ਦਾ ਵਾਧਾ ਹੋ ਰਿਹਾ ਹੈ। ਖਪਤ ਅਤੇ ਮੰਗ ਦੇ ਅੰਤਰ ਨੂੰ ਪੂਰਾ ਕਰਨ ਲਈ 10 ਹਜ਼ਾਰ ਟਨ ਰੇਸ਼ਮ ਚੀਨ ਤੋਂ ਮੰਗਵਾਇਆ ਜਾਂਦਾ ਹੈ। ਰੇਸ਼ਮ ਉਤਪਾਦਨ ਵਿੱਚ ਤਾਮਿਲਨਾਡੂ, ਮੱਧ ਪ੍ਰਦੇਸ਼, ਛਤੀਸਗੜ੍ਹ, ਹਿਮਾਚਲ, ਜੰਮੂ-ਕਸ਼ਮੀਰ, ਉਤਰਾਖੰਡ ਤੇ ਝਾਰਖੰਡ ਮੋਹਰੀ ਭੂਮਿਕਾ ਨਿਭਾ ਰਹੇ ਹਨ। ਹਿਮਾਚਲ ਵਿੱਚ 152 ਲੱਖ ਟਨ ਕੋਕੂਨਾ ਵਿੱਚੋਂ 20 ਟਨ ਕੱਚੇ ਰੇਸ਼ਮ ਦਾ ਉਤਪਾਦਨ ਹੋਇਆ। ਪੰਜਾਬ ਵਿੱਚ ਵੀ 30 ਹਜ਼ਾਰ ਕਿੱਲੋ ਕੋਕੂਨ ਦਾ ਉਤਪਾਦਨ ਹੋਇਆ ਸੀ। ਹਰਿਆਣਾ ਰਾਜ ਵਿੱਚ ਰੇਸ਼ਮ ਦੀ ਖੇਤੀ ਨੂੰ ਵਧਾਉਣ ਲਈ ਇੱਕ ਨਵੇਂ ਪ੍ਰਾਜੈਕਟ ਨੂੰ ਮੰਨਜ਼ੂਰੀ ਦਿੱਤੀ ਗਈ ਸੀ। ਇਸ ਤਹਿਤ ਪੰਚਕੂਲਾ, ਅੰਬਾਲਾ ਤੇ ਯਮੁਨਾਨਗਰ ਵਿੱਚ 63 ਲੱਖ ਰੁਪਏ ਦੀ ਸਬਸਿਡੀ ਦਿੱਤੀ ਗਈ ਸੀ।

## ਰੇਸ਼ਮ ਦੀ ਕੀਮਤ

ਰੇਸ਼ਮ ਦਾ ਕੀੜਾ ਆਪਣੀਆਂ ਚਾਰ ਨੀਂਦਾਂ ਪੂਰੀਆਂ ਕਰਕੇ 82 ਤੋਂ 85 ਖ਼ੁਰਾਕਾਂ ਖਾ ਕੇ ਜਵਾਨ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਵੇਲੇ ਕੀੜੇ ਦਾ



ਰੰਗ ਪੀਲਾ ਪੈ ਜਾਂਦਾ ਹੈ ਅਤੇ ਉਹ ਟੂਟੀ ਬਣਾਉਣੀ ਸ਼ੁਰੂ ਕਰ ਦਿੰਦਾ ਹੈ। ਟੂਟੀ ਬਣਾਉਣ ਸਮੇਂ ਕਿਸੇ ਤਰ੍ਹਾਂ ਦੀ ਖ਼ੁਰਾਕ ਨਹੀਂ ਪਾਈ ਜਾਂਦੀ। ਕੋਕੂਨ ਤਿਆਰ ਹੋਣ ਤੋਂ ਬਾਅਦ ਧੁੱਪ ਵਿੱਚ ਰੱਖ ਦਿੱਤਾ ਜਾਂਦਾ ਹੈ। ਜੇਕਰ ਰੇਸ਼ਮ ਦੇ ਕੋਕੂਨ ਨੂੰ ਧੁੱਪ ਵਿੱਚ ਨਾ ਰੱਖਿਆ ਜਾਵੇ ਤਾਂ ਕੀੜਾ ਧਾਗੇ ਕੱਟ ਕੇ ਤਿਤਲੀ ਬਣ ਕੇ ਬਾਹਰ ਨਿਕਲ ਜਾਂਦਾ ਹੈ। ਇੱਕ ਔਂਸ ਕੀੜਿਆਂ ਦਾ ਪਾਲ ਕੇ 50 ਤੋਂ 70 ਕਿਲੋ ਰੇਸ਼ਮ ਲਈ ਜਾ ਸਕਦੀ ਹੈ। ਕੀੜੇ ਨੂੰ 24 ਘੰਟਿਆਂ ਦੌਰਾਨ ਚਾਰ ਖ਼ੁਰਾਕਾਂ ਦਿੱਤੀਆਂ ਜਾਂਦੀਆਂ ਹਨ। ਰੇਸ਼ਮ ਦੀ ਮੰਡੀ ਵਿੱਚ ਕੀਮਤ ਗਿੱਲਾ ਰੇਸ਼ਮ 80 ਤੋਂ 100 ਰੁਪੈ ਕਿਲੋ ਅਤੇ ਸੁੱਕਾ 300 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਜਾਂਦਾ ਹੈ।



## ਚਾਰ ਕਿਸਮ ਦੇ ਕੀੜੇ

ਸਮੁੱਚੇ ਦੇਸ਼ ਅੰਦਰ ਚਾਰ ਕਿਸਮ ਦੇ ਕੀੜੇ ਪਾਲੇ ਜਾਂਦੇ ਹਨ। ਸ਼ਹਿਤੂਤ, ਰਿੰਡ, ਟਸਰ ਅਤੇ ਸਾਲ ਦੇ ਦਰੱਖ਼ਤ 'ਤੇ ਕੀੜੇ ਪਾਲੇ ਜਾਂਦੇ ਹਨ। ਇਹ ਚਾਰੇ ਕਿਸਮਾਂ ਮੌਸਮ ਦੇ ਹਿਸਾਬ ਨਾਲ ਸਾਰੇ ਰਾਜਾਂ ਵਿੱਚ ਪਾਲੀਆਂ ਜਾਂਦੀਆਂ ਹਨ। ਸਭ ਤੋਂ ਵੱਧ ਕੀੜਾ ਸ਼ਹਿਤੂਤ 'ਤੇ ਪਾਲਿਆ ਜਾਂਦਾ ਹੈ।

## ਪੰਜਾਬ ਦੀਆਂ ਕੁੜੀਆਂ ਲਈ ਪ੍ਰੇਰਣਾ ਸਰੋਤ ਬਣੀ ਮਨਜੋਤ ਕੌਰ

# ਮਨਜੋਤ ਕੌਰ ਵੱਲੋਂ ਤਿਆਰ ਕੀਤੇ ਗਏ ਸ਼ਹਿਦ ਦੀ ਹੈ ਦੇਸ਼-ਵਿਦੇਸ਼ ਵਿੱਚ ਵੱਡੇ ਪੱਧਰ 'ਤੇ ਮੰਗ, ਕਈ ਬਿਮਾਰੀਆਂ ਦਾ ਰਾਮਬਾਣ ਹੈ ਬੀ-ਪੋਲਨ ਸ਼ਹਿਦ







ਜ਼ਿਲ੍ਹਾ ਬਠਿੰਡਾ ਦੇ ਪਿੰਡ ਮੁਹਾਲਾ ਦੀ ਰਹਿਣ ਵਾਲੀ ਮਨਜੋਤ ਕੌਰ ਕੁੜੀਆਂ ਲਈ ਪ੍ਰੇਰਣਾ ਸਰੋਤ ਬਣ ਰਹੀ ਹੈ। ਮਨਜੋਤ ਕੌਰ ਨੇ ਬੇਸ਼ੱਕ ਫੈਸ਼ਨ ਡਿਜ਼ਾਈਨਿੰਗ ਦਾ ਕੋਰਸ ਕੀਤਾ ਹੈ, ਪਰ ਉਸ ਨੇ ਇਸ ਪਾਸੇ ਆਪਣਾ ਕਿੱਤਾ ਸ਼ੁਰੂ ਕਰਨ ਦੀ ਥਾਂ ਆਪਣੇ ਪਿਤਾ ਵਾਲਾ ਮੱਧੂ-ਮੱਖੀਆਂ ਦਾ ਕੰਮ ਅੱਗੇ ਤੋਰਿਆ। ਉਹ ਮੱਧੂ-ਮੱਖੀਆਂ ਦੇ ਸ਼ਹਿਦ ਨੂੰ ਖੁਦ ਪ੍ਰੋਸੈਸ ਕਰਕੇ ਹਰ ਮਹੀਨੇ ਆਨਲਾਈਨ ਵੇਚ ਕੇ ਹਜ਼ਾਰਾਂ ਰੁਪਏ ਕਮਾ ਰਹੀ ਹੈ। ਉਸ ਨੇ ਸਾਲ 2022 ਵਿੱਚ ਬਠਿੰਡਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਮੱਧੂ-ਮੱਖੀਆਂ ਦੀ ਸਿਖਲਾਈ ਲਈ, ਖੁਦ ਦਾ ਟ੍ਰੇਡ ਮਾਰਕ ਲਿਆ ਅਤੇ ਘਰ ਵਿੱਚ



ਹੀ ਸ਼ਹਿਦ ਵੇਚਣ ਦਾ ਆਨਲਾਈਨ ਕੰਮ ਸ਼ੁਰੂ ਕੀਤਾ, ਅੱਜ ਉਸ ਨੂੰ ਸ਼ਹਿਦ ਲੈਣ ਲਈ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਮੁੰਬਈ ਵਰਗੇ ਵੱਡੇ ਮਹਾਨਗਰਾਂ ਤੋਂ ਆਰਡਰ ਆਉਂਦੇ ਹਨ। ਉਸ ਵੱਲੋਂ ਤਿਆਰ ਕੀਤਾ ਸ਼ਹਿਦ ਹੁਣ ਵਿਦੇਸ਼ਾਂ ਵਿੱਚ ਭੇਜਿਆ ਜਾ ਰਿਹਾ ਹੈ।

ਮਨਜੋਤ ਲਈ ਇਹ ਰਸਤਾ ਆਸਾਨ ਨਹੀਂ ਸੀ, ਕਿਉਂਕਿ ਕੁੜੀਆਂ ਦੇ ਕੰਮ ਕਰਨ ਨੂੰ ਲੈ ਕੇ ਉਨ੍ਹਾਂ ਨੂੰ ਕਈ ਰੁਕਾਵਟਾਂ ਦਾ ਵੀ ਸਾਹਮਣਾ ਕਰਨਾ ਪਿਆ, ਪਰ ਉਸ ਨੂੰ ਇਸ ਗੱਲ ਦਾ ਬਹੁਤ ਹੌਸਲਾ ਸੀ ਕਿ ਸਾਰਾ ਪਰਿਵਾਰ ਉਸ ਦੇ ਨਾਲ ਸੀ। ਉਨ੍ਹਾਂ ਦੱਸਿਆ ਕਿ ਉਸ ਦੇ ਮਾਤਾ-ਪਿਤਾ ਨੇ ਸਾਲ 1998 ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਤੋਂ ਸਿਖਲਾਈ ਲੈ ਕੇ ਮੱਧੂ-ਮੱਖੀਆਂ ਦਾ ਕੰਮ ਸ਼ੁਰੂ ਕੀਤਾ ਸੀ, ਉਸ ਸਮੇਂ ਉਨ੍ਹਾਂ ਕੋਲ 100 ਬਕਸੇ ਸੀ, ਅੱਜ ਉਨ੍ਹਾਂ ਕੋਲ 3000 ਦੇ ਕਰੀਬ ਬਕਸੇ ਹਨ। ਉਨ੍ਹਾਂ ਦੱਸਿਆ ਕਿ ਸ਼ਹਿਦ ਨੂੰ ਵੇਚਣ ਲਈ ਸਭ ਤੋਂ ਪਹਿਲਾਂ ਉਨ੍ਹਾਂ ਵੱਲੋਂ ਬਠਿੰਡਾ ਵਿੱਚ ਲੱਗਦੇ ਵੱਡੇ ਮੇਲੇ ਜਿਵੇਂ ਕਿ ਵਿਰਾਸਤ ਮੇਲਾ, ਮੇਲਾ ਜਾਗਦੇ ਜੁਗਨੂੰਆਂ ਦਾ ਆਦਿ ਵਿੱਚ ਸ਼ਹਿਦ ਦਾ ਸਟਾਲ ਲਗਾਇਆ ਗਿਆ, ਜਿੱਥੇ ਲੋਕਾਂ ਵੱਲੋਂ ਉਸ ਦੀ ਖੂਬ ਸ਼ਲਾਘਾ ਕੀਤੀ ਗਈ।

ਮੇਲਿਆਂ 'ਤੇ ਸ਼ਹਿਦ ਦੀ ਸਟਾਲ ਲਗਾਉਣ ਤੋਂ ਬਾਅਦ ਹੁਣ ਉਸ ਨੂੰ ਸ਼ਹਿਦ ਦੇ ਆਨਲਾਈਨ ਆਰਡਰ ਆਉਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਹਰ ਰੋਜ਼ ਦੀ ਤਰ੍ਹਾਂ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਮੁੰਬਈ, ਚੰਡੀਗੜ੍ਹ, ਪਟਿਆਲਾ, ਜਲੰਧਰ, ਗੁਰਦਾਸਪੁਰ ਅਤੇ ਅੰਮ੍ਰਿਤਸਰ ਸਾਹਿਬ ਤੋਂ 5-10 ਕਿਲੋ ਸ਼ਹਿਦ ਦੇ ਰੋਜ਼ਾਨਾ ਆਰਡਰ ਆ ਰਹੇ ਹਨ, ਜਿਸ ਨਾਲ ਉਨ੍ਹਾਂ ਨੂੰ ਮਹੀਨੇ ਦੀ 35 ਤੋਂ 40 ਹਜ਼ਾਰ ਰੁਪਏ ਦੀ ਕਮਾਈ ਹੋਣ ਲੱਗ ਪਈ ਹੈ। ਉਨ੍ਹਾਂ ਦੱਸਿਆ ਕਿ ਹੋਲਸੇਲ ਵਿੱਚ ਸ਼ਹਿਦ ਦਾ ਰੇਟ



ਬਹੁਤ ਘੱਟ ਹੋਣ ਕਾਰਨ ਲਗਭਗ 2500 ਦੇ ਕਰੀਬ ਸ਼ਹਿਦ ਦੀਆਂ ਬਾਲਟੀਆਂ ਕੋਲਡ ਸਟੋਰ ਵਿੱਚ ਰੱਖੀਆਂ ਹੋਈਆਂ ਹਨ, ਕਿਉਂਕਿ ਇੰਨੇ ਘੱਟ ਰੇਟ ਵਿੱਚ ਸ਼ਹਿਦ ਵੇਚ ਕੇ ਉਨ੍ਹਾਂ ਦਾ ਖਰਚਾ ਵੀ ਨਹੀਂ ਨਿਕਲ ਰਿਹਾ ਹੈ।

ਉਨ੍ਹਾਂ ਦੇਸ਼ ਛੱਡ ਕੇ ਬਾਹਰ ਜਾ ਰਹੀਆਂ ਲੜਕੀਆਂ ਨੂੰ ਨਸੀਹਤ ਦਿੱਤੀ ਹੈ ਕਿ ਇੱਥੇ ਰਹਿ ਕੇ ਵੀ ਆਪਣਾ ਰੁਜ਼ਗਾਰ ਕੀਤਾ ਜਾ ਸਕਦਾ ਹੈ। ਜਿਹੜੀਆਂ ਕੁੜੀਆਂ ਬਾਹਰ ਜਾਣ ਵਾਸਤੇ ਲੱਖਾਂ ਰੁਪਏ ਲਗਾਉਂਦੀਆਂ ਹਨ, ਉਹ ਇੰਨੇ ਪੈਸਿਆਂ ਨਾਲ ਆਪਣੇ ਘਰ ਵਿੱਚ ਰਹਿ ਕੇ ਕੰਮ ਕਰ ਸਕਦੀਆਂ ਹਨ।

### ਵੱਖ-ਵੱਖ ਥਾਵਾਂ 'ਤੇ ਲਿਜਾਏ ਜਾਂਦੇ ਨੇ ਬਕਸੇ

ਮਨਜੋਤ ਕੌਰ ਨੇ ਦੱਸਿਆ ਕਿ ਸ਼ਹਿਦ ਪ੍ਰਾਪਤ ਕਰਨ ਲਈ ਸਾਲ ਭਰ ਮੱਧੂ-ਮੱਖੀਆਂ ਦੇ ਬਕਸਿਆਂ ਨੂੰ ਵੱਖ-ਵੱਖ ਥਾਵਾਂ 'ਤੇ ਮੌਸਮ ਦੇ ਅਨੁਸਾਰ ਲਿਜਾਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ 15 ਫਰਵਰੀ ਤੋਂ ਅਪ੍ਰੈਲ ਦੇ ਅਖੀਰ ਤੱਕ ਹਰਿਆਣਾ ਦੇ ਪਿੰਡ ਦੇਸੂ ਨਹਿਰ 'ਤੇ ਲਿਜਾਂਦੇ ਹਨ, ਇਸ ਥਾਂ 'ਤੇ ਜ਼ਿਆਦਾ ਸਫੈਦਾ ਹੁੰਦਾ ਹੈ। ਜੂਨ ਮਹੀਨੇ ਦੇ ਅਖੀਰ ਤੱਕ ਲਗਭਗ ਪੰਦਰ੍ਹਾਂ ਦਿਨਾਂ ਲਈ ਅੰਮ੍ਰਿਤਸਰ ਸਾਹਿਬ, ਤਰਨਤਾਰਨ ਅਤੇ ਖੰਡੂਰ ਸਾਹਿਬ ਆਦਿ ਥਾਵਾਂ 'ਤੇ ਬਕਸਿਆਂ ਨੂੰ ਲਿਜਾਇਆ ਜਾਂਦਾ ਹੈ, ਉਸ ਤੋਂ ਬਾਅਦ ਦੋ ਮਹੀਨਿਆਂ ਲਈ ਹਰਿਆਣਾ ਦੇ ਸ਼ਹਿਰ ਰਿਵਾੜੀ ਲੈ ਕੇ ਜਾਣ ਤੋਂ ਬਾਅਦ ਇੱਕ ਵਾਰ ਫਿਰ ਬਕਸਿਆਂ ਨੂੰ ਪਿੰਡ ਲੈ ਕੇ ਜਾਈਦਾ ਹੈ। ਨਵੰਬਰ ਦੇ ਪਹਿਲੇ ਮਹੀਨੇ ਰਾਜਸਥਾਨ ਦੇ ਕੋਟਾ ਬੂੰਦੀ ਲੈ ਕੇ ਜਾਂਦੇ ਹਾਂ।

### ਸ਼ੂਗਰ ਕੰਟਰੋਲ ਕਰਨ ਸਣੇ ਸਰੀਰ ਨੂੰ ਬੂਸਟ ਕਰਦਾ ਹੈ ਬੀ ਪੋਲਨ ਸ਼ਹਿਦ

ਬੀਪੋਲਨ ਸ਼ਹਿਦ ਸ਼ੂਗਰ ਸਮੇਤ ਹੋਰ ਕਈ ਬਿਮਾਰੀਆਂ ਨੂੰ ਕੰਟਰੋਲ ਕਰਨ ਵਿੱਚ ਸਹਾਈ ਹੁੰਦਾ ਹੈ। ਇਹ ਸਰੀਰ ਨੂੰ ਬੂਸਟ ਦਿੰਦਾ ਹੈ। ਮਨਜੋਤ ਦਾ ਦਾਅਵਾ ਹੈ ਕਿ ਸ਼ਹਿਦ ਦਾ ਇੱਕ ਚਮਚ ਇੱਕ ਕਿਲੋ ਸੇਬਾਂ ਦੇ ਬਰਾਬਰ ਸਰੀਰ ਨੂੰ ਤਾਕਤ ਦਿੰਦਾ ਹੈ। ਉਨ੍ਹਾਂ ਵੱਲੋਂ ਚਾਰ ਤਰ੍ਹਾਂ ਦਾ ਸ਼ਹਿਦ ਤਿਆਰ ਕੀਤਾ ਜਾਂਦਾ ਹੈ, ਜਿਸ ਵਿੱਚ ਸਰ੍ਹੋਂ ਦਾ ਸ਼ਹਿਦ, ਬੇਰੀ ਦਾ ਸ਼ਹਿਦ, ਸਫੈਦੇ ਤੇ ਟਾਹਲੀ ਦਾ ਸ਼ਹਿਦ ਅਤੇ ਫੁੱਲਾਂ ਤੋਂ ਤਿਆਰ ਪਰ-ਪਰਾਗਨ (ਬੀ-ਪੋਲਨ) ਸ਼ਾਮਲ ਹੈ। ਉਨ੍ਹਾਂ ਵੱਲੋਂ ਸ਼ਹਿਦ ਨੂੰ ਬਜ਼ਾਰ ਵਿੱਚ ਵੇਚਣ ਲਈ ਆਪਣਾ ਟ੍ਰੇਡ ਮਾਰਕ 'ਸੰਧੂ ਮੱਖੀ ਫਾਰਮ' ਲਿਆ ਹੋਇਆ ਹੈ, ਜਿਸ ਟ੍ਰੇਡ ਮਾਰਕ ਜ਼ਰੀਏ ਹੀ ਉਹ ਆਪਣਾ ਸ਼ਹਿਦ ਬਜ਼ਾਰ ਵਿੱਚ ਵੇਚ ਰਹੀ ਹੈ। ਉਨ੍ਹਾਂ ਦੱਸਿਆ ਕਿ ਬਾਕੀ ਸ਼ਹਿਦ ਤਾਂ ਉਹ ਬਜ਼ਾਰ ਵਿੱਚ 380 ਰੁਪਏ ਪ੍ਰਤੀ ਕਿਲੋ ਵੇਚਦੇ ਹਨ, ਪਰ ਬੀ-ਪੋਲਨ ਸ਼ਹਿਦ 1200 ਰੁਪਏ ਪ੍ਰਤੀ ਕਿਲੋ ਵੇਚਿਆ ਜਾਂਦਾ ਹੈ, ਜਿਹੜਾ ਕਿ ਬਾਜ਼ਾਰ ਵਿੱਚ ਆਮ ਦੋ ਹਜ਼ਾਰ ਰੁਪਏ ਤੋਂ ਲੈ ਕੇ ਤਿੰਨ ਹਜ਼ਾਰ ਰੁਪਏ ਮਿਲਦਾ ਹੈ।

### ਕੰਪਨੀ ਬਣਾਉਣ ਦਾ ਹੈ ਸੁਪਨਾ

ਉਸ ਦਾ ਸੁਪਨਾ ਹੈ ਕਿ ਉਹ ਖੁਦ ਸ਼ਹਿਦ ਦਾ ਬਰਾਂਡ ਬਣਾ ਕੇ ਇੱਕ ਕੰਪਨੀ ਬਣਾਵੇਗੀ, ਜਿਸ ਦੀ ਵਿਦੇਸ਼ਾਂ ਵਿੱਚ ਵੀ ਪਹਿਚਾਣ ਹੋਵੇ। ਇਸ ਕੰਮ ਵਿੱਚ ਉਹ ਮਿਹਨਤ ਕਰ ਰਹੀ ਹੈ। ਮਨਜੋਤ ਕੌਰ ਦੇ ਪਿਤਾ ਸਾਬਕਾ ਸਰਪੰਚ ਮੱਖਣ ਸਿੰਘ ਅਤੇ ਮਾਤਾ ਸੁਖਵੰਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਹੁਣ ਸ਼ਹਿਦ ਬਣਾਉਣ ਦਾ ਸਾਰਾ ਕੰਮ ਖੁਦ ਹੀ ਸਾਂਭਦੀ ਹੈ, ਉਨ੍ਹਾਂ ਨੂੰ ਆਪਣੀ ਬੇਟੀ ਉਪਰ ਮਾਣ ਹੈ।

**ਕਿਸਾਨ ਮੇਲਾ 26-27 ਸਤੰਬਰ ਲੁਧਿਆਣਾ**

**ਇਸ ਮੌਕੇ ਕਣਕ ਦੀਆਂ ਸਭ ਤੋਂ ਵੱਧ ਝਾੜ ਦੇਣ ਵਾਲੀਆਂ ਨਵੀਆਂ ਕਿਸਮਾਂ ਦੀ ਜਾਣਕਾਰੀ ਦਿੱਤੀ ਜਾਵੇਗੀ।**

**PBW-872** (ਪੀ.ਏ.ਯੂ ਲੁਧਿਆਣਾ ਵੱਲੋਂ ਇਸ ਸਾਲ ਪਾਸ ਜਾਣਕਾਰੀ ਹਿੱਤ)

**HD-3386**

**ਕਣਕ ਦੀਆਂ ਹੋਰ ਕਿਸਮਾਂ**

**DBW-327, DBW-371, DBW-372, DBW-222, DBW-187, HD–3086**

**ਚਾਰੇ ਦੀਆਂ ਕਿਸਮਾਂ**

**ਬਰਸੀਮ ਬੀ ਐਲ-10 (ਹਾੜ੍ਹੂ) ਬੀ ਈ-1, ਬੀ ਐਲ-42, ਰਾਈ ਘਾਹ ਨੰਬਰ 1, ਮੱਖਣ ਘਾਹ, ਜਵਾ ਕੈਂਟ।**

**ਹੋਰ ਕਿਸਮਾਂ : ਛੋਲੇ, ਮਸਰ, ਮਟਰ, ਅਲਸੀ, ਸਰੋਂਆਂ, ਤੋਰੀਆ, ਰਾਇਆ ਸਰੋਂ, ਗੋਭੀ ਸਰੋਂ, ਸਬਜ਼ੀਆਂ ਦੇ ਬੀਜ ਅਤੇ ਪਨੀਰੀਆਂ ਖਰੀਦਣ ਲਈ ਮਿਲੋ :**

**ਬਰਾੜ ਐਗਰੀਕਲਚਰ ਫਾਰਮ**

ਸਾਹਮਣੇ ਪੀ.ਏ.ਯੂ ਗੇਟ ਨੰ: 1, ਫਿਰੋਜ਼ਪੁਰ ਰੋਡ, ਲੁਧਿਆਣਾ

ਫੋਨ: 0161-2461723, 5088210, 98140-97127, 98158-00034

### ਅਗਾਂਵਧੂ ਕਿਸਾਨ – ਮਹਿੰਦਰ ਸਿੰਘ ਦੁਸਾਂਝ

# ਖੇਤੀ ਦੀਆਂ 'ਰਵਾਇਤੀ ਪੈੜਾਂ' ਛੱਡ ਕੇ ਕਿਸਾਨ ਖੱਟ ਸਕਦੈ ਮੁਨਾਫ਼ਾ

**★ ਸ਼ਹੀਦ ਭਗਤ ਸਿੰਘ ਨਗਰ ਦੇ ਜਗਤਪੁਰਾ ਦੇ ਜੰਮਪਲ ਨੇ ਅਗਾਂਹਵਧੂ ਕਿਸਾਨ ਮਹਿੰਦਰ ਸਿੰਘ ਦੁਸਾਂਝ ★ ਵਿਸ਼ੇਸ਼ ਖੋਜ ਲਈ ਕੀਤਾ ਗਿਆ ਸੀ ਯੂਐਨਓ ਵੱਲੋਂ ਉਚੇਚਾ ਸਨਮਾਨਤ**

ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਜਗਤਪੁਰ ਦੇ ਅਗਾਂਹਵਧੂ ਕਿਸਾਨ ਮਹਿੰਦਰ ਸਿੰਘ ਦੁਸਾਂਝ ਨੂੰ 'ਸਾਇੰਸਦਾਨਾਂ ਦਾ ਸਾਇੰਸਦਾਨ' ਕਿਹਾ ਜਾ ਸਕਦਾ ਹੈ। ਉਸ ਵੱਲੋਂ ਜੋ ਖੇਤੀ ਅਧਾਰਤ ਖੋਜਾਂ ਕੀਤੀਆਂ ਗਈਆਂ ਹਨ, ਉਨ੍ਹਾਂ ਦਾ ਲਾਹਾ ਦੇਸ਼-ਵਿਦੇਸ਼ ਦੀਆਂ ਯੂਨੀਵਰਸਿਟੀਆਂ ਲੈ ਰਹੀਆਂ ਹਨ ਤੇ ਇੱਕ ਵਿਸ਼ੇਸ਼ ਖੋਜ ਲਈ ਉਚੇਚੇ ਤੌਰ 'ਤੇ ਯੂਐਨਓ ਵੱਲੋਂ ਐਵਾਰਡ ਵੀ ਦਿੱਤਾ ਗਿਆ ਹੈ। ਇੱਕ ਵਿਸ਼ੇਸ਼ ਮੁਲਾਕਾਤ ਦੌਰਾਨ ਉਨ੍ਹਾਂ ਖੇਤੀਬਾੜੀ ਖੇਤਰ ਨਾਲ ਜੁੜੇ ਆਪਣੇ ਤਜ਼ਰਬੇ ਸਾਂਝੇ ਕੀਤੇ।

ਉਨ੍ਹਾਂ ਕਿਹਾ ਕਿ ਖੇਤੀ ਸੰਬੰਧੀ ਗਿਆਨ ਪ੍ਰਾਪਤੀ ਤੇ ਕਿਸਾਨਾਂ ਨੂੰ ਇਸ ਦੇ ਲਾਰੇ ਸਮਝਾਉਣ ਖਾਤਰ ਹੀ ਮੈਂ ਇਸ ਪਾਸੇ ਤੁਰਿਆ ਹਾਂ। ਉਨ੍ਹਾਂ ਕਿਹਾ ਕਿ ਇਸ ਵੇਲੇ ਹਰ ਕਿਸਾਨ ਇਹੀ ਮਹਿਸੂਸ ਕਰ ਰਿਹਾ ਹੈ ਕਿ ਪੰਜਾਬ ਦੀ ਖੇਤੀ ਬੁਰੇ ਦੌਰ ਵਿੱਚੋਂ ਲੰਘ ਰਹੀ ਹੈ ਤੇ ਇਸ ਵਿੱਚੋਂ ਕੋਈ ਮੁਨਾਫ਼ਾ ਨਹੀਂ ਖੱਟਿਆ ਜਾ ਸਕਦਾ ਜਦਕਿ ਅਜਿਹਾ ਨਹੀਂ ਹੈ। ਖੇਤੀਬਾੜੀ ਹਮੇਸ਼ਾਂ ਹੀ ਸੰਭਾਵਨਾਵਾਂ ਭਰਪੂਰ ਕਿੱਤਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਵਿਚਾਰ ਉੱਠਣ ਪਿੱਛੋਂ ਵੀ ਕਈ ਕਾਰਨ ਹਨ। ਜੇਕਰ ਅੱਜ ਕਿਸਾਨ ਦੁਖੀ ਜਾਂ ਕਰਜ਼ਾਈ ਹੋ ਕੇ ਖ਼ੁਦਕੁਸ਼ੀਆਂ ਦੇ ਰਾਹ ਪਿਆ ਹੈ ਤਾਂ ਇਸ ਪਿੱਛੇ ਵੀ ਕਈ ਕਾਰਨ ਹਨ। ਮੈਂ ਖੇਤੀਬਾੜੀ ਦਾ ਪੁਰਾਣਾ ਦੌਰ ਦੇਖਿਆ ਹੈ। ਇਹ 1945 ਦੇ ਨੇੜੇ-ਤੇੜੇ ਦਾ ਦੌਰ ਹੈ। ਹਰੇ ਇਨਕਲਾਬ ਦਾ ਦੌਰ 1900 ਵਿੱਚ ਸ਼ੁਰੂ ਹੋਇਆ। ਉਸ ਵੇਲੇ ਇਸ ਤਰ੍ਹਾਂ ਦੀਆਂ ਤਕਨੀਕਾਂ ਵਿਕਸਤ ਨਹੀਂ ਸਨ। ਹੁਣ ਤਕਨੀਕ ਨੇ ਅਤਿਅੰਤ ਵਿਕਾਸ ਕੀਤਾ ਹੈ। ਇਸ ਨਵੇਂ ਤਕਨੀਕੀ ਯੁੱਗ ਨੂੰ ਹਾਂਪੱਖੀ ਸੋਚ ਨਾਲ ਸਮਝਣ ਦੀ ਲੋੜ ਹੈ। ਅਜੋਕਾ ਦੌਰ ਨਿਰਾਸ਼ਤਾ ਤੇ ਢਾਹੂ ਕਿਸਮ ਦੇ ਵਿਚਾਰਾਂ ਵਾਲਾ ਹੀ ਇਸੇ ਕਰ ਕੇ ਹੈ ਕਿ ਅਸੀਂ ਖੇਤੀ ਖੇਤਰ ਦੀ ਉਪਯੋਗਤਾ ਨਹੀਂ ਸਮਝ ਰਹੇ। ਪੁਰਾਣੇ ਸਮੇਂ ਸਾਰੇ ਕਾਰਜ ਹੱਥੀ ਹੁੰਦੇ ਸੀ ਤੇ ਮਸ਼ੀਨਰੀ ਦੀ ਘਾਟ ਸੀ ਪਰ ਕਿਸਾਨ ਫਿਰ ਵੀ ਖ਼ੁਸ਼ਹਾਲ ਮਹਿਸੂਸ ਕਰਦਾ ਸੀ। ਸਾਰੇ ਰਲ ਕੰਮ ਕਰਦੇ ਸਨ। ਮੇਰੀ ਖ਼ੁਦ ਜੀਵਨ ਸਾਥਣ ਨੇ ਮੇਰੇ ਨਾਲ ਇਸ ਕੰਮ ਵਿੱਚ ਹੱਥ ਵਟਾਇਆ ਹੈ। ਹਾਲਾਂਕਿ ਹੁਣ ਕਿਸੇ ਕਿਸਮ ਦੀ ਨਿਰਾਸ਼ਾ ਮਹਿਸੂਸ ਨਹੀਂ ਹੋਣੀ ਚਾਹੀਦੀ। ਹੁਣ ਸਾਰੇ ਕੰਮ ਮਸ਼ੀਨਾਂ ਰਾਹੀਂ ਮਿੰਟੋ-ਮਿੰਟ ਹੋ ਜਾਂਦੇ ਹਨ। ਇਸੇ ਕਾਰਨ ਲੋਕ ਹੱਥੀਂ ਕੰਮ ਕਰਨਾ ਛੱਡ ਰਹੇ ਹਨ। ਇਹੀ ਵਜ੍ਹਾ ਹੈ ਕਿ ਖੇਤੀਬਾੜੀ ਵਿੱਚੋਂ ਫ਼ਸਲਾਂ ਘੱਟ ਤੇ ਨਿਰਾਸ਼ਤਾ ਜ਼ਿਆਦਾ ਉਪਜ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲੇ ਸਮਿਆਂ ਵਿੱਚ ਮੌਸਮ ਬਾਰੇ ਦੱਸਣ ਦਾ ਕੋਈ ਸਾਧਨ ਨਹੀਂ ਹੁੰਦਾ ਸੀ। ਕਿਸਾਨ ਕੁਦਰਤ ਦੇ ਇਸ਼ਾਰਿਆਂ 'ਤੇ ਹੀ ਨਿਰਭਰ ਸੀ ਪਰ ਹੁਣ ਵਸੀਲੇ ਵੱਧ ਗਏ ਹਨ। ਇਸ ਲਈ ਜੇ ਜਾਣਕਾਰੀ ਦੇ ਵਸੀਲੇ ਵਧੇ ਹਨ ਤਾਂ ਕਿਸਾਨ ਨੂੰ ਗਲੋਬਲਾਈਜੇਸ਼ਨ ਵੱਲ ਧਿਆਨ ਰੱਖ ਕੇ ਹੀ ਸੋਚਣਾ ਚਾਹੀਦਾ ਹੈ।





### ਕਿਸਾਨਾਂ ਲਈ ਸਥਾਨਕ ਮੰਡੀਆਂ ਵਿਕਸਿਤ ਹੋਣ

ਮਹਿੰਦਰ ਸਿੰਘ ਦੁਸਾਂਝ ਨੇ ਕਿਹਾ ਕਿ ਇਸ ਵੇਲੇ ਆਰਗੈਨਿਕ ਚੀਜ਼ਾਂ ਦੀ ਮੰਗ ਵੱਧ ਰਹੀ ਹੈ। ਲੋਕ ਜ਼ਹਿਰਾਂ ਛਿੜਕ ਕੇ ਉਗਾਈਆਂ ਫ਼ਸਲਾਂ ਤੇ ਸਬਜ਼ੀਆਂ ਦੇ ਨਵੇਂ ਨੁਕਸਾਨ ਸਮਝ ਰਹੇ ਹਨ। ਇਸੇ ਕਾਰਨ ਆਰਗੈਨਿਕ ਉਤਪਾਦਾਂ ਦੀ ਮੰਗ ਕੀਤੀ ਜਾ ਰਹੀ ਹੈ। ਇਸ ਲਈ ਸਰਕਾਰ ਨੂੰ ਇਸ ਪਾਸੇ ਸੋਚਣਾ ਚਾਹੀਦਾ ਹੈ। ਅਜਿਹਾ ਢਾਂਚਾ ਤੇ ਮੰਡੀਕਰਨ ਵਿਕਸਤ ਕਰਨ ਦੀ ਲੋੜ ਹੈ, ਜਿੱਥੇ ਕਿਸਾਨ ਆਪਣੀ ਉਪਜ ਸਿੱਧੇ ਲੋਕਾਂ ਨੂੰ ਵੇਚ ਸਕਣ। ਕਿਸਾਨਾਂ ਨੂੰ ਰਵਾਇਤੀ ਫ਼ਸਲਾਂ ਛੱਡ ਕੇ ਨਵੀਂ ਖੇਤੀ ਕਰਨ ਲਈ ਵੀ ਤਾਂ ਹੀ ਉਤਸ਼ਾਹਤ ਕੀਤਾ ਜਾ ਸਕਦਾ ਹੈ। ਜੇਕਰ ਉਨ੍ਹਾਂ ਨੂੰ ਆਪਣੀ ਉਪਜ ਵੇਚਣ ਵਿੱਚ ਕੋਈ ਔਖਿਆਈ ਨਾ ਆਵੇ। ਦੂਜੇ ਪਾਸੇ ਕਿਸਾਨਾਂ ਨੂੰ ਵੀ ਚਾਹੀਦਾ ਹੈ ਕਿ ਝੋਨੇ, ਗੰਨੇ ਤੇ ਹੋਰ ਰਵਾਇਤੀ ਫ਼ਸਲ ਦਾ ਮੋਹ ਤਿਆਗ ਕੇ ਇਸ ਪਾਸੇ ਸੋਚੇ। ਇਹ ਕਾਰਜ ਸਰਕਾਰ ਤੇ ਕਿਸਾਨ ਰਲ ਕੇ ਹੀ ਅਰੰਭ ਸਕਦੇ ਹਨ।

### ਤਕਨੀਕ ਦੀ ਸਹੀ ਵਰਤੋਂ ਦੀ ਲੋੜ

ਮਹਿੰਦਰ ਸਿੰਘ ਦੁਸਾਂਝ ਨੇਕਿਹਾ ਕਿ ਅਸੀਂ ਤਕਨੀਕਾਂ 'ਤੇ ਇੰਨੇ ਨਿਰਭਰ ਹੋ ਗਏ ਹਾਂ ਕਿ ਇੱਕ ਮਿੰਟ ਵਿੱਚ ਟਿਊਬਵੈੱਲ ਦਾ ਬਟਨ ਨੱਪ ਕੇ ਧਰਤੀ ਨੂੰ ਜਲ-ਥਲ ਕਰ ਕੇ ਰੱਖ ਦਿੰਦੇ ਹਾਂ। ਟਰੈਕਟਰਾਂ ਨਾਲ ਵਾਹੀ, ਗੁਡਾਈ ਤੇ ਹੋਰ ਕਾਰਜ ਕਰਨੇ ਸੌਖੇ ਹੋ ਗਏ ਹਨ। ਵੱਧ ਝਾੜ ਲਈ ਕੀਟ ਤੇ ਨਦੀਨਨਾਸ਼ਕਾਂ ਦੀ ਵਰਤੋਂ ਵੱਧ ਗਈ ਹੈ ਜਦਕਿ ਪੁਰਾਣੇ ਵੇਲਿਆਂ ਵਿੱਚ ਇਹ ਸਾਧਨ ਨਹੀਂ ਸਨ। ਖੇਤੀ ਕਿਸਾਨ ਦੀ ਮਿਹਨਤ 'ਤੇ ਹੀ ਨਿਰਭਰ ਸੀ। ਪਸ਼ੀਨਾ ਵਹਾ ਕੇ ਹਲਟ ਗੇੜ ਕੇ ਖੇਤਾਂ ਨੂੰ ਸਿੰਜਿਆ ਜਾਂਦਾ ਸੀ। ਰੇਆਂ-ਸਪ੍ਰੇਆਂ ਦੀ ਵਰਤੋਂ ਨਾਮਾਤਰ ਸੀ। ਸ਼ਾਹੂਕਾਰਾਂ ਨਾਲ ਕਿਸਾਨਾਂ ਦੇ ਰਿਸ਼ਤਿਆਂ ਦੀਆਂ ਗੰਢਾਂ ਬਹੁਤ ਪੀਡੀਆਂ ਹੁੰਦੀਆਂ ਸਨ। ਕਿਸੇ ਘਾਟੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਬੇਸ਼ੱਕ ਹੁਣ ਮਸ਼ੀਨਰੀ ਭਾਰੂ ਹੈ ਪਰ ਇਸ ਦੀ ਕਿੱਥੇ ਕਿੰਨੀ ਲੋੜ ਹੈ, ਇਸ ਦਾ ਗਿਆਨ ਵੀ ਕਿਸਾਨ ਨੂੰ ਦੇਣਾ ਚਾਹੀਦਾ ਹੈ। ਕਿੰਨਾ ਕਰਜ਼ਾ ਕਿਸ ਲੋੜ ਲਈ ਲੈਣਾ ਤੇ ਵਰਤਣਾ ਹੈ, ਇਸ ਗੱਲ ਨੂੰ ਸਮਝਣ ਦੀ ਜ਼ਰੂਰਤ ਹੈ। ਲਾਪਰਵਾਹੀ ਨਾਲ ਖੇਤੀ ਕੀਤੀ ਹੀ ਨਹੀਂ ਜਾ ਸਕਦੀ। ਖੇਤਾਂ ਵਿੱਚ ਕਿਰੇ ਹੋਏ ਦਾਣੇ-ਦਾਣੇ ਦੀ ਅਹਿਮੀਅਤ ਨੂੰ ਸਮਝਣਾ ਪਵੇਗਾ।

### ਇਨ੍ਹਾਂ ਕਰਕੇ ਵੀ ਮਸ਼ਹੂਰ ਹੈ ਦੁਸਾਂਝ ਕਲਾਂ

ਮਹਿੰਦਰ ਸਿੰਘ ਦੁਸਾਂਝ ਨੇ ਦੱਸਿਆ ਕਿ ਪਿੰਡ ਦੁਸਾਂਝ ਕਲਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਇੱਥੇ ਕਈ ਨਾਮਵਰ ਵਿਅਕਤੀ ਪੈਦਾ ਹੋਏ ਹਨ। ਗਾਇਕ ਦਿਲਜੀਤ ਦੁਸਾਂਝ, ਅਮਰ ਸਿੰਘ ਦੁਸਾਂਝ (ਅਕਾਲੀ ਪੱਤ੍ਰਿਕਾ), ਉੱਜਲ ਦੁਸਾਂਝ ਬੀਸੀ ਸਟੇਟ ਦੇ ਪ੍ਰੀਮੀਆਂ (ਮੁੱਖ ਮੰਤਰੀ) ਬਣੇ, ਸੋਹਣ ਸਿੰਘ ਦੁਸਾਂਝ, ਜੋ ਮਾਰਕਫੈਡ ਦੇ ਐਮ.ਡੀ. ਰਹੇ ਹਨ, ਵੀ ਇਸੇ ਪਿੰਡ ਨਾਲ ਸੰਬੰਧਤ ਹਨ। 'ਸੋਹਣਾ' ਬ੍ਰਾਂਡ ਵੀ ਉਨ੍ਹਾਂ ਦੇ ਨਾਂ 'ਤੇ ਹੀ ਮਸ਼ਹੂਰ ਹੈ। ਇਸ ਵਿੱਚ ਖੇਤੀ ਨਾਲ ਜੁੜੇ ਉਤਪਾਦ ਸਰਕਾਰ ਵੱਲੋਂ ਸ਼ਾਮਲ ਕੀਤੇ ਗਏ ਸਨ।

### ਕਣਕ ਦੇ ਸ਼ਾਨਦਾਰ ਉਤਪਾਦਨ ਲਈ ਯੂਐੱਨਓ ਵੱਲੋਂ ਬੈਂਕਾਕ ਵਿੱਚ ਦਿੱਤਾ ਗਿਆ ਸੀ ਕੌਮਾਂਤਰੀ ਪੁਰਸਕਾਰ

ਮਹਿੰਦਰ ਸਿੰਘ ਦੁਸਾਂਝ ਨੂੰ 16 ਅਕਤੂਬਰ 1966 ਛੇਵੇਂ ਵਿਸ਼ਵ ਖ਼ੁਰਾਕ ਦਿਵਸ 'ਤੇ ਕਣਕ ਦੇ ਸ਼ਾਨਦਾਰ ਉਤਪਾਦਨ ਲਈ ਯੂਐੱਨਓ ਵੱਲੋਂ ਬੈਂਕਾਕ (ਥਾਈਲੈਂਡ) ਵਿਖੇ ਅੰਤਰ-ਰਾਸ਼ਟਰੀ ਪੁਰਸਕਾਰ ਦਿੱਤਾ ਗਿਆ ਸੀ। ਇਸ ਤੋਂ ਇਲਾਵਾ 21 ਅਕਤੂਬਰ 1990 ਨੂੰ ਸਾਹਿਤ ਤੇ ਕਲਾ ਦੇ ਖੇਤਰ ਵਿੱਚ ਕੰਮ ਲਈ ਅੰਤਰ-ਰਾਸ਼ਟਰੀ ਪੰਜਾਬੀ ਕਾਵਿ ਸੰਮੇਲਨ 'ਤੇ ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ ਲੰਡਨ (ਯੂ.ਕੇ.) ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਅਜੀਤ ਸਿੰਘ ਬੈਂਸ ਦੇ ਹੱਥੀਂ ਲੰਡਨ (ਯੂ.ਕੇ.) ਵਿੱਚ ਸਨਮਾਨਿਤ ਕੀਤਾ। 22 ਮਾਰਚ 1997 ਦੇ ਕਿਸਾਨ ਮੇਲੇ 'ਤੇ ਖੇਤੀ ਵਿੱਚ ਨਵੀਆਂ ਖੋਜਾਂ ਕਰਨ ਲਈ ਪੰਜਾਬ ਖੇਤੀ ਯੂਨੀਵਰਸਿਟੀ ਵੱਲੋਂ ਦਲੀਪ ਸਿੰਘ ਧਾਲੀਵਾਲ ਪੁਰਸਕਾਰ ਤੇ 17 ਮਾਰਚ 2007 ਦੇ ਕਿਸਾਨ ਮੇਲੇ 'ਤੇ ਖੇਤੀ ਵੰਨ-ਸਵੰਨਤਾ ਦਾ ਸ਼ਾਨਦਾਰ ਮਾਡਲ ਵਿਕਸਤ ਕਰਨ ਲਈ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਮੁੱਖ ਮੰਤਰੀ ਪੁਰਸਕਾਰ ਨਾਲ ਨਿਵਾਜਿਆ ਗਿਆ। ਹਾਲ ਹੀ ਵਿੱਚ 2024 ਵਿੱਚ ਉਨ੍ਹਾਂ ਨੂੰ ਪ੍ਰੀਤਮ ਸਿੰਘ ਬਾਸੀ ਪੁਰਸਕਾਰ ਦਿੱਤਾ ਗਿਆ ਹੈ।

# ਪੰਜਾਬ ਵਿੱਚ ਦੋ ਲੱਖ ਏਕੜ ਰਕਬੇ 'ਤੇ ਚੜ੍ਹੀ ਰੇਤ

## ਰੇਟ ਹਟਾਉਣ ਤੇ ਬੀਜਾਂ ਲਈ 250 ਕਰੋੜ ਮੰਗੇ – ਖੇਤੀਬਾੜੀ ਮੰਤਰੀ ਖੁੱਡੀਆਂ

ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਕੇਂਦਰੀ ਖੇਤੀ ਮੰਤਰੀ ਤੋਂ ਵੱਖ-ਵੱਖ ਕੇਂਦਰੀ ਸਕੀਮਾਂ ਦੇ ਹਵਾਲੇ ਨਾਲ ਬੀਮਾ ਅਤੇ ਖੇਤਾਂ ਵਿੱਚੋਂ ਰੇਤ ਹਟਾਉਣ ਲਈ 250 ਕਰੋੜ ਦੀ ਵਿੱਤੀ ਮਦਦ ਮੰਗੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਖੇਤੀ ਮੰਤਰੀ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰ ਦੇ ਕਿਸਾਨਾਂ ਦੀ ਮਦਦ ਲਈ ਚੰਗਾ ਹੁੰਗਾਰਾ ਭਰਿਆ ਹੈ। ਖੁੱਡੀਆਂ ਨੇ ਇਹ ਵੀ ਦੱਸਿਆ ਕਿ ਉੱਤਰ ਪ੍ਰਦੇਸ਼ ਦੇ ਖੇਤੀ ਮੰਤਰੀ ਨੇ ਪੰਜਾਬ ਨੂੰ ਹਜ਼ਾਰ ਕੁਇੰਟਲ ਸਰਟੀਫਾਈਡ ਕਣਕ ਦਾ ਬੀਜ ਦੇਣ ਦਾ ਫ਼ੈਸਲਾ ਕੀਤਾ ਹੈ।

ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਕਰੀਬ 2.15 ਲੱਖ ਏਕੜ ਰਕਬੇ ਵਿੱਚ ਰੇਤ ਚੜ੍ਹ ਗਈ ਹੈ ਜਿਸ ਨੂੰ ਹਟਾਉਣ ਲਈ 151.19 ਕਰੋੜ ਰੁਪਏਦਾ ਪ੍ਰਾਜੈਕਟ ਤਿਆਰ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਖੇਤਾਂ ਵਿੱਚੋਂ ਰੇਤ ਹਟਾਉਣ ਲਈ ਕੌਮੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਕੇਂਦਰ ਸਰਕਾਰ ਤੋਂ 151.19 ਕਰੋੜ ਰੁਪਏ ਦੇ ਫ਼ੰਡਾਂ ਦੀ ਮੰਗ ਕੀਤੀ ਹੈ। ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਇਸ ਬਾਰੇ ਵਿਸਥਾਰਤ ਪ੍ਰਾਜੈਕਟ ਰਿਪੋਰਟ ਸੌਂਪੀ ਹੈ। ਪੰਜਾਬ ਸਰਕਾਰ ਨੇ ਗੁਰਦਾਸਪੁਰ, ਅੰਮ੍ਰਿਤਸਰ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਤਰਨ ਤਾਰਨ ਅਤੇ ਪਠਾਨਕੋਟ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਾਂ ਵਿੱਚ ਇੱਕ ਤੋਂ ਤਿੰਨ ਫੁੱਟ ਰੇਤ ਜਮ੍ਹਾਂ ਹੋਣ ਦੀ ਗੱਲ ਕਹੀ ਹੈ।

ਖੇਤੀ ਵਿਭਾਗ ਪੰਜਾਬ ਅਨੁਸਾਰ ਪ੍ਰਤੀ ਏਕੜ ਵਿੱਚੋਂ ਰੇਤ ਹਟਾਉਣ 'ਤੇ ਔਸਤਨ ਸੱਤ ਹਜ਼ਾਰ ਰੁਪਏ ਦਾ ਖਰਚਾ ਆਵੇਗਾ ਅਤੇ ਹੜ੍ਹਾਂ ਦੇ ਭੰਨੇ ਕਿਸਾਨਾਂ ਲਈ ਇਹ ਲਾਗਤ ਖਰਚਾ ਚੁੱਕਣਾ ਔਖਾ ਹੈ। ਸੂਬਾ ਸਰਕਾਰ ਹਾੜ੍ਹੀ ਦੀ ਫ਼ਸਲ ਦੀ ਬਿਜਾਈ ਲਈ ਖੇਤਾਂ ਨੂੰ ਤਿਆਰ ਕਰਨ ਵਾਸਤੇ ਜੁਟੀ ਹੈ। ਰਿਪੋਰਟ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਵਿੱਚ 51,067 ਏਕੜ, ਤਰਨ ਤਾਰਨ ਵਿੱਚ 23,150 ਏਕੜ, ਗੁਰਦਾਸਪੁਰ ਜ਼ਿਲ੍ਹੇ ਵਿੱਚ 73,424 ਏਕੜ, ਪਠਾਨਕੋਟ ਵਿੱਚ 5939 ਏਕੜ, ਫ਼ਾਜ਼ਿਲਕਾ ਵਿੱਚ 31,019 ਏਕੜ ਅਤੇ ਫ਼ਿਰੋਜ਼ਪੁਰ ਵਿੱਚ 31,372 ਏਕੜ ਰਕਬੇ ਵਿੱਚ ਰੇਤ ਚੜ੍ਹ ਚੁੱਕੀ ਹੈ। ਖੇਤਾਂ ਨੂੰ ਮੁੜ ਬਿਜਾਈ ਦੇ ਯੋਗ ਬਣਾਉਣ ਲਈ ਕੇਂਦਰੀ ਮੰਤਰੀ ਦਾ ਤਰਕ ਦਿੱਤਾ ਗਿਆ ਹੈ। ਖੇਤੀ ਮੰਤਰੀ ਖੁੱਡੀਆਂ ਨੇ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਤੋਂ ਮੰਗ ਕੀਤੀ ਹੈ ਕਿ ਪੰਜਾਬ ਵਿੱਚ ਹੜ੍ਹਾਂ ਦੀ ਮਾਰ ਦੇ ਮੱਦੇਨਜ਼ਰ ਕੌਮੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਵਾਧੂ ਫ਼ੰਡ ਮੁਹੱਈਆ ਕਰਾਏ ਜਾਣ ਜਿਸ ਨਾਲ ਜਿੱਥੇ ਕਿਸਾਨਾਂ ਦੀ ਮਦਦ ਹੋਵੇਗੀ, ਉੱਥੇ ਪੰਜਾਬ ਦੇ ਖੇਤੀ ਅਰਥਚਾਰੇ ਨੂੰ ਠੁੰਹਣਾ ਮਿਲੇਗਾ। ਪੰਜਾਬ ਸਰਕਾਰ ਨੇ ਦਲੀਲ ਦਿੱਤੀ ਹੈ ਕਿ ਫ਼ਸਲਾਂ ਦੀ ਬਿਜਾਂਦ ਹੋਣ ਨਾਲ ਕੌਮਾਂਤਰੀ ਸਰਹੱਦ 'ਤੇ ਨਜ਼ਰਸਾਨੀ ਵੀ ਰਹਿੰਦੀ ਹੈ ਕਿਉਂਕਿ ਕਿਸਾਨ ਦੇਸ਼ ਦੀ ਰੱਖਿਆ ਲਈ ਸੈਕਿੰਡ ਲਾਈਨ ਦੀ ਕੜੀ ਵਜੋਂ ਕੰਮ ਕਰਦੇ ਹਨ। ਸਰਹੱਦੀ ਜ਼ਿਲ੍ਹਿਆਂ ਦੇ ਬਹੁਤੇ ਖੇਤਾਂ ਵਿੱਚ ਪੰਜ ਫੁੱਟ ਤੱਕ ਰੇਤ ਚੜ੍ਹ ਗਈ ਹੈ। ਇਸੇ ਤਰ੍ਹਾਂ ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਖੇਤਾਂ ਵਾਸਤੇ 637 ਕੁਇੰਟਲ ਮਸਟਰਡ ਸੀਡ ਦੀ ਮੰਗ ਰੱਖੀ ਗਈ ਹੈ। ਕੇਂਦਰ ਨੂੰ ਲਿਖੇ ਪੱਤਰ ਵਿੱਚ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਨੈਸ਼ਨਲ ਫੂਡ ਸਕਿਉਰਿਟੀ ਨਿਊਟ੍ਰੀਸ਼ਨ ਮਿਸ਼ਨ ਸਕੀਮ ਤਹਿਤ ਪੰਜਾਬ ਨੂੰ ਬੀਜ ਵਾਸਤੇ ਸਾਲ 2019 ਤੋਂ ਕੋਈ ਫ਼ੰਡ ਨਹੀਂ ਦਿੱਤਾ ਗਿਆ ਹੈ।

# ਚੱਲ ਚੱਲੀਏ ਕਿਸਾਨ ਮੇਲੇ ਵੀਰਿਆ !

ਆਪਣੀ ਸਥਾਪਨਾ ਤੋਂ ਹੀ ਪੀ.ਏ.ਯੂ. ਨੇ ਪੰਜਾਬ ਦੀਆਂ ਸਮਾਜ-ਸਭਿਆਚਾਰਕ ਮੁੱਲਾਂ ਨੂੰ ਗੂੜ੍ਹਾ ਕਰਨ ਵਾਲੀ ਸੰਸਥਾ ਰਿਹਾ ਹੈ। ਖੇਤੀ ਖੋਜਾਂ ਤੇ ਵਿਗਿਆਨਕ ਲੱਭਤਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਲਈ ਹਾੜ੍ਹੀ ਸਾਉਣੀ ਦੇ ਮੇਲਿਆਂ ਨੂੰ ਲਾਉਣਾ ਪੀ.ਏ.ਯੂ. ਦੀਆਂ ਪਸਾਰ ਗਤੀਵਿਧੀਆਂ ਦੀ ਅਹਿਮ ਪ੍ਰਾਪਤੀ ਰਹੀ ਹੈ। ਇਸ ਨਾਲ ਸਾਲ-ਦਰ-ਸਾਲ ਤਾਜ਼ਾ ਤੇ ਨਵੀਨ ਗਿਆਨ ਕਿਸਾਨਾਂ ਤੱਕ ਪਹੁੰਚਦਾ ਰਿਹਾ। ਕਿਸਾਨ ਮੇਲੇ ਪੰਜਾਬ ਦੀ ਖੇਤੀ ਤੇ ਕਿਸਾਨੀ ਦੇ ਵਿਕਾਸ ਦਾ ਅਹਿਮ ਪੜਾਅ ਸਾਬਿਤ ਹੋਏ ਤੇ ਕਿਸਾਨਾਂ ਨੇ ਮੇਲਿਆਂ ਵਿੱਚ ਹਾਜ਼ਰੀ ਨੂੰ ਆਪਣੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣਾ ਲਿਆ। ਵਿਸ਼ੇਸ਼ ਤੌਰ 'ਤੇ ਛੋਟੇ ਤੇ ਸੀਮਾਂਤ ਕਿਸਾਨ ਦਹਾਕਿਆਂ ਬੱਧੀ ਤੋਂ ਇਸ ਮੇਲੇ ਨਾਲ ਬਹੁਤ ਨਿੱਘ ਨਾਲ ਜੁੜੇ ਰਹੇ ਹਨ। ਹਰ ਆਰਥਿਕ ਪੱਧਰ ਦੇ ਕਿਸਾਨ ਏਥੇ ਆ ਕੇ ਹੋਰ ਸਾਥੀਆਂ ਦੇ ਤਜ਼ਰਬੇ ਸੁਣੇ ਹਨ, ਆਪਣੇ-ਆਪਣੇ ਖਿੱਤੇ ਮੁਤਾਬਕ ਫ਼ਸਲਾਂ ਦੀਆਂ ਕਿਸਮਾਂ ਬਾਰੇ ਮਾਹਿਰਾਂ ਦੀਆਂ ਸਿਫ਼ਰਿਸ਼ਾਂ ਸੁਣਦੇ ਹਨ। ਅਗਾਂਹਵਧੂ ਕਿਸਾਨਾਂ ਨੂੰ ਸਨਮਾਨਿਤ ਹੁੰਦੇ ਦੇਖਣਾ ਨਵੇਂ ਕਿਸਾਨਾਂ ਨੂੰ ਉਤਸ਼ਾਹ ਨਾਲ ਭਰਦਾ ਰਿਹਾ ਹੈ। ਸੱਠਵਿਆਂ ਦੇ ਅੱਧ ਵਿੱਚ ਮੇਲਿਆਂ ਤੱਕ ਪੁੱਜੇ ਲੋਕਾਂ ਦੀ ਤੀਜੀ ਪੀੜ੍ਹੀ ਅੱਜ ਕਿਸਾਨ ਮੇਲਿਆਂ ਨਾਲ ਉਸੇ ਉਤਸ਼ਾਹ ਨਾਲ ਜੁੜੀ ਹੋਈ ਹੈ।

ਪੀ.ਏ.ਯੂ. ਹਰ ਸਾਲ ਹਰ ਰਾਜ ਦੇ ਖੇਤਰੀ ਖੋਜ ਕੇਂਦਰ ਗੁਰਦਾਸਪੁਰ, ਅੰਮ੍ਰਿਤਸਰ, ਪਟਿਆਲਾ, ਬਠਿੰਡਾ, ਫਰੀਦਕੋਟ, ਬੱਲੋਵਾਲ ਸੌਂਖੜੀ ਅਤੇ



ਲੁਧਿਆਣਾ ਕੈਂਪਸ ਵਿਖੇ ਕਿਸਾਨ ਮੇਲੇ ਆਯੋਜਿਤ ਕਰਦੀ ਰਹੀ ਹੈ ਅਤੇ ਖੇਤੀ ਅਤੇ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਵੀਆਂ ਤਕਨਾਲੋਜੀਆਂ / ਕਾਰਜ ਵਿਧੀਆਂ ਦਾ ਪ੍ਰਦਰਸ਼ਨ ਇਨ੍ਹਾਂ ਮੇਲਿਆਂ ਦੌਰਾਨ ਕੀਤਾ ਜਾਂਦਾ ਹੈ। ਇਹ ਮੇਲਾ ਕਿਸਾਨਾਂ ਅਤੇ ਵਿਗਿਆਨੀਆਂ ਵਿੱਚ ਅੰਤਰ-ਸੰਵਾਦ ਲਈ ਇੱਕ ਵੱਡਾ ਮੌਕਾ ਹੁੰਦਾ ਹੈ। ਵਿਗਿਆਨੀ ਇੱਥੇ ਕਿਸਾਨਾਂ ਤੋਂ ਸੁਝਾਅ ਪ੍ਰਾਪਤ ਕਰਦੇ ਹਨ ਕਿ ਨਵੀਆਂ ਵਿਕਸਤ ਤਕਨਾਲੋਜੀਆਂ ਦੀ ਕਾਰਗੁਜ਼ਾਰੀ ਕਿਹੋ ਜਿਹੀ ਰਹੀ ਅਤੇ ਹੁਣ ਉਨ੍ਹਾਂ ਕਿਸਾਨਾਂ ਦੀਆਂ ਖੇਤੀ ਬਾਰੇ ਲੋੜਾਂ ਕਿਹੋ ਜਿਹੀਆਂ ਸਨ ? ਇੱਥੇ ਹੀ ਵਿਗਿਆਨੀ, ਪ੍ਰਸ਼ਨ-ਉੱਤਰ ਸੈਸ਼ਨ ਵਿੱਚ ਕਿਸਾਨਾਂ ਦੇ ਖੇਤੀ ਅਤੇ ਸਹਾਇਕ ਧੰਦਿਆਂ ਸੰਬੰਧੀ ਪ੍ਰਸ਼ਨਾਂ ਦੇ ਜਵਾਬ ਦਿੰਦੇ ਹਨ। ਇਹ ਕਿਸਾਨ ਇੱਥੋਂ ਯੂਨੀਵਰਸਿਟੀ ਵਲੋਂ ਸਿਫਾਰਸ਼ ਕੀਤੇ ਸੁਧਰੇ ਅਤੇ ਨਵੇਂ ਬੀਜ, ਫ਼ਲਾਂ ਦੇ ਬੂਟੇ, ਖੇਤੀ ਸਾਹਿਤ ਅਤੇ ਬਾਇਓ ਖਾਦਾਂ ਖਰੀਦ ਕੇ ਲਿਜਾਂਦੇ ਹਨ। ਇਸ ਮੇਲੇ ਦਾ ਇੱਕ ਹੋਰ ਉਭਰਵਾਂ ਪੱਖ ਇੱਥੇ ਲਗਾਈ ਜਾਂਦੀ ਖੇਤੀ ਉਦਯੋਗ ਦੀ ਵੱਡੀ ਪ੍ਰਦਰਸ਼ਨੀ ਹੁੰਦੀ ਹੈ ਜਿਸ ਵਿੱਚ ਪ੍ਰਾਈਵੇਟ ਸੈਕਟਰ ਵੱਲੋਂ ਨਵੀਂ ਖੇਤੀ ਮਸ਼ੀਨਰੀ, ਸੰਦ ਅਤੇ ਹੋਰ ਵਸਤਾਂ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ। ਇਹਨਾਂ ਮੇਲਿਆਂ ਦੌਰਾਨ ਹਰ ਖੇਤਰ ਵਿੱਚ ਨਵੀਆਂ ਪੁਲਾਂਘਾਂ ਪੁੱਟਣ ਵਾਲੇ ਅਗਾਂਹਵਧੂ ਕਿਸਾਨਾਂ ਨੂੰ ਵੱਖ-ਵੱਖ ਐਵਾਰਡਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ ਤਾਂ ਜੋ ਉਹ ਹੋਰ ਕਿਸਾਨਾਂ ਲਈ ਪ੍ਰੇਰਨਾ ਸਰੋਤ ਸਾਬਿਤ ਹੋ ਸਕਣ।

ਇਹ ਕਿਸਾਨ ਮੇਲੇ ਪੰਜਾਬ ਵਿੱਚ ਵਿਗਿਆਨਕ ਖੇਤੀ ਦਾ ਮੁੱਢ ਸਾਬਿਤ ਹੋਏ ਹਨ। ਇਹਨਾਂ ਮੇਲਿਆਂ ਰਾਹੀਂ ਬਹੁਤ ਸਾਰੇ ਅਗਾਂਹਵਧੂ ਕਿਸਾਨ ਖੇਤੀ ਨੂੰ ਹੋਰ ਲਾਹੇਵੰਦ ਕਿੱਤਾ ਬਣਾਉਣ ਅਤੇ ਆਪਣਾ ਜੀਵਨ ਪੱਧਰ ਉੱਚਾ ਚੁੱਕਣ ਵਿੱਚ ਸਫ਼ਲ ਰਹੇ। 26-27 ਸਤੰਬਰ 2025 ਨੂੰ ਪੀ. ਏ. ਯੂ., ਲੁਧਿਆਣਾ ਅਤੇ 30 ਸਤੰਬਰ, 2025 ਨੂੰ ਬਠਿੰਡਾ ਵਿਖੇ ਕਿਸਾਨ ਮੇਲੇ ਆਯੋਜਿਤ ਕੀਤੇ ਜਾਣਗੇ। ਕਿਸਾਨ ਵੀਰਾਂ ਨੂੰ ਹਰ ਲਿਹਾਜ਼ ਨਾਲ ਇਹਨਾਂ ਮੇਲਿਆਂ ਦਾ ਹਿੱਸਾ ਬਣ ਕੇ ਆਪਣੀ ਖੇਤੀ ਨੂੰ ਵਿਗਿਆਨਕ ਲੀਹਾਂ ਤੇ ਤੋਰਨ ਦੀ ਲੋੜ ਹੈ।

**ਜਗਵਿੰਦਰ ਸਿੰਘ, ਅਨਿਲ ਸ਼ਰਮਾ ਅਤੇ ਤੇਜਿੰਦਰ ਸਿੰਘ ਰਿਆੜ**
(ਮੋ. 94654-64502)

## ਰੁੱਖਾਂ ਵਿੱਚ ਖੁੰਬਾਂ

ਅਕਸਰ ਅਸੀਂ ਦੇਖਦੇ ਹਾਂ ਕਿ ਨਮੀ ਤੇ ਠੰਢ ਵਾਲੇ ਸਮੇਂ ਮੌਕੇ ਰੁੱਖਾਂ ਵਿੱਚ ਖੁੰਬਾਂ ਉੱਗ ਆਉਂਦੀਆਂ ਹਨ। ਇਹ ਜੜ੍ਹਾਂ ਵਿਚ ਵੀ ਹੁੰਦੀਆਂ ਤੇ ਰੁੱਖਾਂ ਦੇ ਤਣੇ ਉੱਤੇ ਵੀ ਹੁੰਦੀਆਂ ਹਨ। ਇਸ ਦਾ ਮੁੱਖ ਕਾਰਨ ਹੈ ਕਿ ਰੁੱਖ ਦੇ ਵਿੱਚ ਕਿਸੇ ਬਿਮਾਰੀ ਨਾਲ ਦਰਾੜ ਪੈਦਾ ਹੋ ਜਾਂਦੀ ਹੈ ਅਤੇ ਖੁੰਬਾਂ ਦੇ



**ਜਨਮੇਜਾ ਸਿੰਘ ਜੌਹਲ**
ਮੋਬਾਇਲ 98159-45018

ਕਣ ਇਸ ਵਿੱਚ ਜਨਮ ਲੈ ਲੈਂਦੇ ਹਨ, ਜਿਸ ਨਾਲ ਇਹ ਖੁੰਬਾਂ ਬਣ ਜਾਂਦੀਆਂ ਹਨ। ਕਈ ਵਾਰੀ ਇਨ੍ਹਾਂ ਦਾ ਆਕਾਰ ਬਹੁਤ ਵੱਡਾ ਹੋ ਜਾਂਦਾ ਹੈ। ਪਿੰਡਾਂ ਵਿੱਚ ਇਨ੍ਹਾਂ ਨੂੰ ਆਮ ਤੌਰ 'ਤੇ ਪਦ-ਪਦੇੜੇ ਵੀ ਕਹਿੰਦੇ ਹਨ। ਜਿਸ ਬਾਗ ਵਿੱਚ ਇਨ੍ਹਾਂ ਦੀ ਗਿਣਤੀ ਵੱਧ ਜਾਵੇ, ਉੱਥੇ ਇਹ ਸੋਚਣ ਦੀ ਲੋੜ ਹੈ ਕਿ ਕਿਤੇ ਬਾਗ ਵਿੱਚ ਰੁੱਖਾਂ ਨੂੰ ਕੋਈ ਬਿਮਾਰੀ ਤਾਂ ਨਹੀਂ ਪੈ ਗਈ। ਇਹ ਖੁੰਬਾਂ ਖਾਣ ਯੋਗ ਨਹੀਂ ਹੁੰਦੀਆਂ ਤੇ ਇਹ ਵੀ ਹੋ ਸਕਦਾ ਹੈ ਕਿ ਇਹ ਜ਼ਹਿਰੀਲੀਆਂ ਹੋਣ। ਇਸ ਲਈ ਇਨ੍ਹਾਂ ਨੂੰ ਰੁੱਖ ਤੋਂ ਕੱਟ ਦੇਣਾ ਚਾਹੀਦਾ ਹੈ। ਬਾਕੀ ਬਾਗਵਾਨੀ ਵਾਲਿਆਂ ਨਾਲ ਸਲਾਹ ਕਰਕੇ ਬਾਗ ਦੇ ਵਿੱਚ ਰੁੱਖਾਂ ਨੂੰ ਫੈਲੀ ਹੋਈ ਬਿਮਾਰੀ ਦਾ ਵੀ ਪਤਾ ਕਰਕੇ ਉਸ ਦਾ ਇਲਾਜ ਕਰਨ ਦੀ ਲੋੜ ਹੁੰਦੀ ਹੈ।

ਖੇਤੀ ਦੁਨੀਆਂ
ਸੰਪੂਰਨ ਖੇਤੀਬਾੜੀ ਸਪਤਾਹਿਕ ਪਟਿਆਲਾ
ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



12 ਨਹੀਂ 24 ਨਹੀਂ
ਹਰ ਹਫਤੇ ਪ੍ਰਕਾਸ਼ਿਤ ਹੋਣ ਵਾਲਾ 52 ਅੰਕ

------- ਬਾਕੀ ਸਫਾ 2 ਦੀ -------

## ਹਰੇ ਚਾਰਿਆਂ ਦੀ ਭਰਪੂਰ ਕਾਸ਼ਤ ਕਰੋ

ਅਤੇ ਪਸ਼ੂ ਨੂੰ ਚਾਰਾ ਪੂਰੀ ਤਰ੍ਹਾਂ ਹਜ਼ਮ ਨਹੀਂ ਹੁੰਦਾ ਹੈ। ਫ਼ਸਲ ਦੀ ਕਟਾਈ ਗੋਭ ਵਿੱਚ ਸਿੱਟ ਬਣਨ ਤੋਂ ਲੈ ਕੇ ਦੁਧਿਆ ਦਾਣਿਆਂ ਦੀ ਹਾਲਤ ਵਿੱਚ ਕਰਨੀ ਚਾਹੀਦੀ ਹੈ।

**ਰਾਈ ਘਾਹ** : ਰਾਈ ਘਾਹ ਸਰਦੀਆਂ ਦੇ ਮੌਸਮ ਦਾ 5-6 ਕਟਾਈਆਂ ਛਾਪਾ ਫੇਰ ਕੇ ਪਾਣੀ ਲਾ ਦਿਓ। ਖੇਤ ਤਿਆਰ ਕਰਨ ਸਮੇਂ 15-20 ਟਨ ਰੂੜੀ ਪ੍ਰਤੀ ਏਕੜ ਜ਼ਮੀਨ ਵਿੱਚ ਰਲਾਓ। ਬਿਜਾਈ ਸਮੇਂ 15 ਕਿਲੋ ਨਾਈਟ੍ਰੋਜਨ (33 ਕਿਲੋ ਯੂਰੀਆ) ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ ਅਤੇ 15 ਕਿਲੋ



ਦੇਣ ਵਾਲਾ ਚਾਰਾ ਹੈ। ਇਹ ਨਰਮ ਸੁਆਦਲਾ ਅਤੇ ਪਚਣਸ਼ੀਲ ਹੁੰਦਾ ਹੈ। ਇਸ ਵਿੱਚ ਪ੍ਰੋਟੀਨ ਅਤੇ ਨਿਸ਼ਾਸ਼ਤੇ ਦੀ ਮਾਤਰਾ ਕਾਫ਼ੀ ਹੁੰਦੀ ਹੈ। ਪੰਜਾਬ ਰਾਈ ਘਾਹ 1 ਅਤੇ ਪੰਜਾਬ ਰਾਈ ਘਾਹ 2 ਛੇਤੀ ਵਧਣ ਵਾਲੀਆਂ ਕਿਸਮਾਂ ਹਨ, ਜਿਨ੍ਹਾਂ ਦੇ ਪੱਤੇ ਅਤੇ ਤਣੇ ਬਹੁਤ ਨਰਮ ਹੁੰਦੇ ਹਨ। ਇਹ ਕਿਸਮਾਂ ਨਵੰਬਰ ਤੋਂ ਮਈ ਤੱਕ 5 ਤੋਂ 6 ਕਟਾਈਆਂ ਵਿੱਚ ਕ੍ਰਮਵਾਰ 325 ਅਤੇ 327 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਦਿੰਦੀਆਂ ਹਨ। ਰਾਈ ਘਾਹ ਦੀ ਬਿਜਾਈ ਦਾ ਢੁੱਕਵਾਂ ਸਮਾਂ ਸਤੰਬਰ ਦੇ ਅਖੀਰਲੇ ਹਫ਼ਤੇ ਤੋਂ ਸ਼ੁਰੂ ਅਕਤੂਬਰ ਤੱਕ ਹੈ। ਬਿਜਾਈ ਲਈ 4 ਕਿਲੋ ਬੀਜ ਪ੍ਰਤੀ ਏਕੜ ਨੂੰ ਗਿੱਲੀ ਮਿੱਟੀ ਵਿੱਚ ਰਲਾ ਕੇ ਛੱਟਾ ਦਿਓ ਅਤੇ ਬਾਅਦ ਵਿੱਚ ਨਾਈਟ੍ਰੋਜਨ (33 ਕਿਲੋ ਯੂਰੀਆ) ਬਿਜਾਈ ਤੋਂ 30 ਦਿਨਾਂ ਪਿਛੋਂ ਪਾਓ। ਹਰ ਕਟਾਈ ਤੋਂ ਬਾਅਦ ਪਾਣੀ ਨਾਲ 30 ਕਿਲੋ ਨਾਈਟ੍ਰੋਜਨ (66 ਕਿਲੋ ਯੂਰੀਆ) ਪ੍ਰਤੀ ਏਕੜ ਪਾਓ। ਪਹਿਲਾਂ ਪਾਣੀ ਬਿਜਾਈ ਤੋਂ ਤੁਰੰਤ ਬਾਅਦ ਲਾਓ। ਦੂਜਾ ਪਾਣੀ ਬਿਜਾਈ ਤੋਂ ਤਕਰੀਬਨ 4-5 ਦਿਨਾਂ ਬਾਅਦ ਅਤੇ ਇਸ ਤੋਂ ਮਗਰੋਂ 10 ਦਿਨਾਂ ਦੇ ਵਕਫੇ ਤੇ ਮੌਸਮ ਅਨੁਸਾਰ ਦਿਓ। ਰਾਈ ਘਾਹ ਦੀ ਪਹਿਲੀ ਕਟਾਈ ਬਿਜਾਈ ਤੋਂ 55 ਦਿਨਾਂ ਬਾਅਦ ਅਤੇ ਉਸ ਤੋਂ ਮਗਰੋਂ ਮਹੀਨੇ ਮਹੀਨੇ ਦੇ ਵਕਫੇ ਤੇ ਕਰੋ।

**ਸਾਵਧਾਨੀ** : ਰਾਈ ਘਾਹ ਉੱਤੇ ਕਿਸੇ ਵੀ ਨਦੀਨਨਾਸ਼ਕ ਦਾ ਛਿੜਕਾਅ ਨਾ ਕਰੋ ਕਿਉਂਕਿ ਇਹ ਇੱਕ ਸੰਵੇਦਨਸ਼ੀਲ ਫ਼ਸਲ ਹੈ।





# ਹੜ੍ਹਾਂ ਦੀ ਮਾਰ ਪਿਛੋਕੜ ਅਤੇ ਸੰਭਾਵਨਾਵਾਂ

ਇਸ ਵਾਰ ਪੰਜਾਬ ਵਿੱਚ ਇਸ ਸਦੀ ਦੇ ਸਭ ਤੋਂ ਭਿਆਨਕ ਹੜ੍ਹ ਆਏ ਹਨ। ਇਹ ਆਏ ਹੀ ਪਛੇਤੇ ਹਨ ਜਦੋਂ ਕਿ ਦੁਬਾਰਾ ਬਿਜਾਈ ਦੀ ਕੋਈ ਸੰਭਾਵਨਾ ਨਹੀਂ ਹੈ। ਪਰ ਜਿਸ ਤਰ੍ਹਾਂ ਪੰਜਾਬੀਆਂ ਨੇ ਆਪਣੇ ਇਨ੍ਹਾਂ ਮੁਸੀਬਤ ਦੇ ਮਾਰੇ ਭਰਾਵਾਂ ਦੀ ਬਾਂਹ ਫੜੀ ਹੈ। ਇਸ ਦੀ ਮਿਸਾਲ ਸੰਸਾਰ ਵਿੱਚ ਕਿਧਰੇ ਨਹੀਂ ਮਿਲਦੀ। ਲਗਭਗ ਹਰੇਕ ਵਰਗ ਨੇ ਆਪਣੇ ਵਿੱਤ ਮੁਤਾਬਕ ਇਸ ਮੁਸੀਬਤ ਸਮੇਂ ਹਿੱਸਾ ਪਾਇਆ ਹੈ। ਸਭ ਤੋਂ ਵੱਧ ਖ਼ੁਸ਼ੀ ਦੀ ਗੱਲ ਇਹ ਹੈ ਕਿ ਜਿਸ ਤਰ੍ਹਾਂ ਸਾਡੇ ਪੰਜਾਬੀ ਗਾਇਕ ਅਤੇ ਕਲਾਕਾਰ ਖੁੱਲ੍ਹ ਕੇ ਸਹਾਇਤਾ ਲਈ ਆਏ ਉਹ ਬਹੁਤ ਹੀ ਵੱਡੀ ਕਰਾਮਾਤ ਹੈ। ਕੇਂਦਰ ਅਤੇ ਰਾਜ ਸਰਕਾਰ ਨੂੰ ਇਸ ਸੇਵਾ ਭਾਵ ਤੋਂ ਸਬਕ ਸਿੱਖਣ ਦੀ ਲੋੜ ਹੈ। ਸਰਕਾਰ ਵੱਲੋਂ ਪ੍ਰਭਾਵਿਤ ਕਿਸਾਨਾਂ ਦੀ ਵੱਧ ਤੋਂ ਵੱਧ ਵਿੱਤੀ ਸਹਾਇਤਾ ਕਰਨੀ ਚਾਹੀਦੀ ਹੈ। ਇਹ ਰਕਮ ਉਨ੍ਹਾਂ ਦੇ ਘਰ ਜਾ ਕੇ ਆਦਰ ਪੂਰਵਕ ਦਿੱਤੀ ਜਾਵੇ। ਉਨ੍ਹਾਂ ਨੂੰ ਲੰਬੀ ਕਾਗਜੀ ਕਾਰਵਾਈ ਅਤੇ ਦਫ਼ਤਰਾਂ ਦੇ ਚੱਕਰ ਲਗਾਉਣ ਲਈ ਮਜਬੂਤ ਨਾ ਕੀਤਾ ਜਾਵੇ। ਸਰਕਾਰੀ ਕਰਮਚਾਰੀ ਵੀ ਇਸੇ ਪਰਿਵਾਰ ਦੇ ਮੈਂਬਰ ਹਨ ਉਨ੍ਹਾਂ ਨੂੰ ਆਪਣੇ ਭਰਾਵਾਂ ਨਾਲ ਪੂਰੀ ਹਮਦਰਦੀ ਹੋਣੀ ਚਾਹੀਦੀ ਹੈ। ਕਿਸੇ ਵੀ ਕਰਮਚਾਰੀ ਨੂੰ ਇਸ ਮੁਸੀਬਤ ਸਮੇਂ ਦਾ ਗਲਤ ਫ਼ਾਇਦਾ ਨਹੀਂ ਉਠਾਉਣਾ ਚਾਹੀਦਾ ਹੈ। ਬਹੁਤੇ ਥਾਵੀਂ ਖੇਤਾਂ ਵਿੱਚ ਮਿੱਟੀ ਤੇ ਰੇਤ ਇਤਨੀ ਚੜ੍ਹ ਗਈ ਹੈ ਕਿ ਹਦਾ ਬੰਨੇ ਮਿਟ ਗਏ ਹਨ। ਡਾ. ਕ੍ਰਿਪਾਲ ਸਿੰਘ ਔਲਖ ਨੇ ਸੁਝਾਵ ਦਿੱਤਾ ਹੈ ਕਿ ਜਿੱਥੇ ਵੀ ਲੋੜ ਹੋਵੇ ਮਾਲ ਮਹਿਕਮੇ ਨੂੰ ਖੇਤਾਂ ਵਿੱਚ ਮੁੜ ਨਿਸ਼ਾਨਦੇਹੀ ਕਰ ਦੇਣੀ ਚਾਹੀਦੀ ਹੈ। ਇਸ ਨਾਲ ਆਪਸੀ ਝਗੜੇ ਵੀ ਨਹੀਂ ਹੋਣਗੇ ਅਤੇ ਕਿਸਾਨਾਂ ਨੂੰ ਕਰਮਚਾਰੀਆਂ ਦੀਆਂ ਮਿੰਨਤਾਂ ਵੀ ਨਹੀਂ ਕਰਨੀਆਂ ਪੈਣਗੀਆਂ। ਪੰਜਾਬ ਦੇ ਬਹੁਤੇ ਕਿਸਾਨ ਛੋਟੇ ਕਿਸਾਨਾਂ ਦੀ ਗਿਣਤੀ ਵਿੱਚ ਆਉਂਦੇ ਹਨ। ਇਸ ਕਰਕੇ ਆਪਣੇ ਘਰ ਚੁੱਲ੍ਹਾ ਬਲਦਾ ਰੱਖਣ ਲਈ ਉਹ ਕੁਝ ਧਰਤੀ ਠੇਕੇ ਉਤੇ ਲੈਂਦੇ ਹਨ। ਪੰਜਾਬ ਵਿੱਚ ਜ਼ਮੀਨ ਦਾ ਠੇਕਾ ਵੀ ਸਭ ਤੋਂ ਵੱਧ ਘੱਟ-ਘੱਟ ਪੰਜਾਹ ਹਜ਼ਾਰ ਪ੍ਰਤੀ ਏਕੜ ਹੈ। ਕਿਸਾਨਾਂ ਨੂੰ ਦੂਹਰੀ ਮਾਰ ਪਈ ਹੈ। ਫ਼ਸਲ ਵੀ ਮਾਰੀ ਗਈ ਅਤੇ ਠੇਕਾ ਵੀ ਦੇਣਾ ਪਵੇਗਾ। ਬਹੁਤੇ ਕਿਸਾਨਾਂ ਨੂੰ ਮਜ਼ਬੂਰ ਹੋ ਕੇ ਕਰਜ਼ਾ ਲੈਣਾ ਪਵੇਗਾ। ਇੰਝ ਕਿਸਾਨ ਆਪਣੀ ਖ਼ੁਸ਼ੀ ਲਈ ਨਹੀਂ ਸਗੋਂ ਮਜ਼ਬੂਰੀ ਵਿੱਚ ਕਰਜ਼ੇ ਦੇ ਮੱਕੜ ਜਾਲ ਵਿੱਚ ਫਸ ਜਾਂਦਾ ਹੈ। ਜ਼ਮੀਨ ਦੇ ਮਾਲਕਾਂ ਨੂੰ ਵੀ ਬੇਨਤੀ ਹੈ ਕਿ ਉਹ ਕੁਝ ਛੋਟ ਦੇਣ ਬਾਰੇ ਸੋਚਣ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਬਿਨਾਂ ਵਿਆਜ ਲੰਬੇ ਸਮੇਂ ਦਾ ਕਰਜ਼ਾ ਦਿੱਤਾ ਜਾਵੇ। ਠੇਕੇ ’ਤੇ ਲਈ ਜ਼ਮੀਨ ਅਨੁਸਾਰ ਇਸ ਵਿੱਚ ਕੁੱਝ ਛੋਟ ਵੀ ਦਿੱਤੀ ਜਾਵੇ। ਖੇਤਾਂ ਵਿੱਚ ਰੇਤ ਅਤੇ ਮਿੱਟੀ ਭਾਰੀ ਮਾਤਰਾ ਵਿੱਚ ਪੈ ਗਈ ਹੈ। ਸਰਕਾਰ ਨੇ ਕਿਸਾਨਾਂ ਨੂੰ ਰੇਤਾ ਵੇਚਣ ਦੀ ਆਗਿਆ ਦੇ ਦਿੱਤੀ ਹੈ। ਹਾੜ੍ਹੀ ਦੀ ਬਿਜਾਈ ਸ਼ੁਰੂ ਹੋਣ ਵਿੱਚ ਕੇਵਲ ਇੱਕ ਮਹੀਨਾ ਰਹਿ ਗਿਆ ਹੈ। ਕੀ ਕਿਸਾਨ ਇਸ ਸਮੇਂ ਰੇਤਾ ਵੇਚ ਸਕਣਗੇ? ਜਿੱਥੇ ਮਿੱਟੀ ਭਰ ਗਈ ਹੈ ਉਨ੍ਹਾਂ ਖੇਤਾਂ ਦੀ ਸੁਧਾਈ ਵਿੱਚ ਸਰਕਾਰ ਨੂੰ ਸਹਾਇਤਾ ਕਰਨੀ ਚਾਹੀਦੀ ਹੈ। ਜੇਕਰ ਇਕੱਲੇ-ਇਕੱਲੇ ਵਿਅਕਤੀ ਜਿਸ ਦੇ ਡੰਗਰ ਹੜ੍ਹ ਗਏ ਉਨ੍ਹਾਂ ਨੂੰ ਡੰਗਰ ਲੈ ਕੇਦੇ ਰਹੇ ਹਨ ਅਤੇ ਜਿਸ ਦਾ ਟ੍ਰੈਕਟਰ ਹੜ੍ਹ ਗਿਆ ਉਸ ਨੂੰ ਟ੍ਰੈਕਟਰ ਦਿੱਤਾ ਜਾ ਰਿਹਾ ਹੈ, ਜਿਸ ਦਾ ਘਰ ਢਹਿ ਗਿਆ ਉਸ ਦਾ ਘਰ ਬਣਾਇਆ ਜਾ ਰਿਹਾ ਤਾਂ ਕੀ ਸਰਕਾਰਾਂ ਜਿਨ੍ਹਾਂ ਕੋਲ ਅਥਾਹ ਵਸੀਲੇ ਹਨ ਇਸ ਪਾਸੇ ਯਤਨ ਨਹੀਂ ਕਰ ਸਕਦੀਆਂ। ਕਿਸਾਨ ਅੰਨਦਾਤਾ ਹੈ। ਇਸ ਸਮੇਂ ਉਹ ਸੰਕਟ ਵਿੱਚ ਉਸ ਦੀ ਸਹਾਇਤਾ ਕਰਨੀ ਜ਼ਰੂਰੀ ਹੈ। ਕਣਕ ਦੀ ਬਿਜਾਈ ਦਾ ਸਮਾਂ ਆ ਰਿਹਾ ਹੈ। ਕਣਕ ਪੰਜਾਬ ਦੀ ਮੁੱਖ ਫ਼ਸਲ ਹੈ। ਇਸ ਦਾ ਬੀਜ ਆਮ ਕਰਕੇ ਕਿਸਾਨ ਨੇ ਪਿਛਲੀ ਫ਼ਸਲ ਦਾ ਸਾਂਭਿਆ ਹੁੰਦਾ ਹੈ। ਹੁਣ ਹੜ੍ਹ ਨਾਲ ਜਿੱਥੇ ਘਰਾਂ ਵਿੱਚ ਪਾਣੀ ਭਰ ਗਿਆ ਹੈ, ਮਕਾਨ ਢਹਿ ਗਏ ਉੱਥੇ ਬੀਜ ਵੀ ਖਰਾਬ ਹੋਇਆ ਹੋਵੇਗਾ, ਸਰਕਾਰ ਨੂੰ ਚਾਹੀਦਾ ਹੈ ਕਿ ਢੁੱਕਵੀਆਂ ਕਿਸਮਾਂ ਦਾ ਬੀਜ ਕਿਸਾਨਾਂ ਨੂੰ ਰਿਆਇਤੀ ਕੀਮਤ ਉੱਤੇ ਦਿੱਤਾ ਜਾਵੇ। ਇਹ ਜ਼ੁੰਮੇਵਾਰੀ ਖੇਤੀਬਾੜੀ ਵਿਭਾਗ ਤੇ ਖੇਤੀ ਯੂਨੀਵਰਸਿਟੀ ਦੀ ਲਗਾਈ ਜਾ ਸਕਦੀ ਹੈ। ਖੇਤੀ ਵਿਭਾਗ ਅਤੇ ਖੇਤੀ ਯੂਨੀਵਰਸਿਟੀ ਨੂੰ ਹੜ੍ਹ ਪ੍ਰਭਾਵਿਤ ਖੇਤਾਂ ਦੇ ਸਰਵੇਖਣ ਕਰਕੇ ਕਿਸਾਨ ਨੂੰ ਇਸ ਸਥਿਤੀ ਵਿੱਚ ਕਿਵੇਂ ਬਿਜਾਈ ਕੀਤੀ ਜਾ ਸਕਦੀ ਹੈ ਇਸ ਬਾਰੇ ਸਲਾਹ ਦੇਣੀ ਚਾਹੀਦੀ ਹੈ ਤਾਂ ਜੋ ਕੋਈ ਖੇਤ ਫ਼ਸਲ ਤੋਂ ਬਗੈਰ ਨਾ ਰਹਿ ਸਕੇ। ਜੇਕਰ ਬਿਜਾਈ ਨਾ ਹੋਈ ਤਾਂ ਇਸ ਘਾਟੇ ਦੀ ਮਾਰ ਨੇ ਬਹੁਤੇ ਕਿਸਾਨਾਂ ਨੂੰ ਹਮੇਸ਼ਾਂ ਲਈ ਕਰਜ਼ਾਈ ਕਰ ਦੇਣਾ ਹੈ। ਖੇਤੀ ਯੂਨੀਵਰਸਿਟੀ ਨੇ ਸੇਵਾ ਮੁਕਤ ਅਧਿਆਪਕਾਂ ਨੇ ਕੇ ਵੀ ਕੇ ਰਾਹੀਂ ਕਣਕ ਦੇ ਬੀਜ ਦਾ ਪ੍ਰਬੰਧ ਕੀਤਾ ਹੈ। ਇਸ ਦਾ ਲਾਹਾ ਲੈਣਾ ਚਾਹੀਦਾ ਹੈ।

ਹੁਣ ਹੜ੍ਹਾਂ ਬਾਰੇ ਵਿਚਾਰ ਕਰੀਏ। ਹੜ੍ਹ ਅਤੇ ਪੰਜਾਬ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਪਹਾੜਾਂ ਦੇ ਦਾਮਨ ਵਿੱਚ ਹੋਣ ਕਰਕੇ ਉੱਥੋਂ ਦੇ ਮੀਂਹ ਦਾ ਪਾਣੀ ਸਾਰਾ ਪੰਜਾਬ ਰਸਤੇ ਹੀ ਸਮੁੰਦਰ ਵਿੱਚ ਜਾਂਦਾ ਹੈ। ਇਸ ਕਰਕੇ ਪੰਜਾਬ ਵਿੱਚ ਸੈਂਕੜੇ ਦਰਿਆ, ਚੋਹ, ਬੇਈਆਂ, ਬਰਸਾਤੀ ਨਾਲੇ, ਸੁਆਂਹ, ਖੜਾਂ ਦੇ ਖਾਲੇ ਹਨ। ਦੁਆਬਾ ਅਤੇ ਮਾਝਾ ਇਨ੍ਹਾਂ ਵਿੱਚ ਆਏ ਹੜ੍ਹਾਂ ਦੀ ਮਾਰ ਹਮੇਸ਼ਾ ਝਲਦੇ ਆਏ ਹਨ। ਹੁਸ਼ਿਆਰਪੁਰ ਵਿੱਚ ਇਤਨੇ ਚੋ ਸਨ ਕਿ ਬਹੁਤੀ ਧਰਤੀ ਇਨ੍ਹਾਂ ਦੀ ਮਾਰ ਹੇਠ ਆ ਜਾਂਦੀ ਸੀ। ਬਾਕੀ ਜ਼ਿਲ੍ਹਿਆਂ ਵਿੱਚ ਚੋਖੀ ਧਰਤੀ ਇਨ੍ਹਾਂ ਦੀ ਮਾਰ ਝਲਦੀ ਸੀ। ਪਾਣੀ ਦੀ ਬਹੁਤਾਤ ਕਾਰਨ ਇਸੇ ਇਲਾਕੇ ਵਿੱਚ ਸੇਮ ਦੀ ਮਾਰ ਵੀ ਪੈਂਦੀ ਸੀ। ਇਸੇ ਕਰਕੇ ਇਸ ਖਿੱਤੇ ਦੇ ਲੋਕ ਵਿਦਿਆ ਵਿੱਚ ਅੱਗੇ ਸਨ ਤਾਂ ਜੋ ਕੋਈ ਨੌਕਰੀ ਮਿਲ ਸਕੇ। ਨਵੀਆਂ ਬਸਤੀਆਂ ਵਸਾਉਣ ਜਾਂ ਵਿਦੇਸ਼ਾਂ ਵਿੱਚ ਜਾਣ ਵਾਲੇ ਵੀ ਇਸੇ ਇਲਾਕੇ ਦੇ ਮੋਹਰੀ ਸਨ। ਬੇਈਂ ਅਤੇ ਚੋਆਂ ਦੇ ਹੜ੍ਹਾਂ ਨੂੰ ਮੇਰੀ ਉਮਰ ਵਾਲਿਆਂ ਜ਼ਰੂਰ ਵੇਖਿਆ ਹੋਵੇਗਾ। ਸਾਡੇ ਪਿੰਡ ਲਾਗਿਉਂ ਬੇਈਂ ਲੰਘਦੀ ਸੀ। ਹਾਈ ਸਕੂਲ ਬੇਈਂ ਤੋਂ ਪਾਰਲੇ ਪਿੰਡ ਵਿੱਚ ਸੀ। ਜਦੋਂ ਬੇਈ ਵਿੱਚ ਹੜ੍ਹ ਆ ਜਾਣਾ ਤਾਂ ਕਈ-ਕਈ ਦਿਨ ਸਕੂਲੋਂ ਛੁੱਟੀ ਕਰਨੀ ਪੈਂਦੀ ਸੀ। ਆਮ ਦਿਨਾਂ ਵਿੱਚ ਵੀ ਬੇਈਂ ਦੇ ਲਾਗੇ ਸੀਰਾਂ ਫੁੱਟਦੀਆਂ ਰਹਿੰਦੀਆਂ ਸਨ ਇਸ ਕਰਕੇ ਜੁੱਤੀ ਲਾਹ ਕੇ ਲੰਘਣਾ ਪੈਂਦਾ ਸੀ। ਉਦੋਂ ਮੀਂਹ ਵੀ ਬਹੁਤ ਪੈਂਦੇ ਸਨ ਜਿਸ ਤਰ੍ਹਾਂ ਇਸ ਵਾਰ ਹੋਇਆ। ਹਫ਼ਤਾ-ਹਫ਼ਤਾ ਝੜੀ ਲੱਗੀ ਰਹਿੰਦੀ ਸੀ। ਬੇਈਂ ਵਿੱਚ ਹੜ੍ਹ ਤੇ ਸਾਰੇ ਖਾਲੇ ਰਾਹ ਪਾਣੀ ਨਾਲ ਭਰ ਜਾਣੇ। ਇਹ ਅਖਾਣ ਸੀ ‘‘ਵੀਰਵਾਰ ਦੀ ਝੜੀ ਨਾ ਕੋਠਾ ਨਾ ਕੜੀ’’। ਕੱਚੇ ਕੋਠੇ ਚੋਣ ਲੱਗ ਪੈਂਦੇ ਕੰਧਾਂ ਢਹਿ ਜਾਂਦੀਆਂ ਸਨ। ਪਿੰਡ ਵਾਲਿਆਂ ਖਵਾਜਾ ਦੇਵਤਾ ਨੂੰ ਖ਼ੁਸ਼ ਕਰਨ ਲਈ ਪਾਣੀ ਦੇ ਵਿੱਚ ਜਾ ਕੇ ਬੱਕਰੇ ਦੀ ਬਲੀ ਦੇਣੀ ਤੇ ਦਲੀਆ ਵੰਡਣਾ। ਚੋ ਵਿੱਚ ਤਾਂ ਚਿੱਟੇ ਦਿਨ ਅਚਾਨਕ ਪਾਣੀ ਆ ਜਾਂਦਾ ਸੀ। ਖੇਤਾਂ ਵਿੱਚ ਕੰਮ ਕਰਨ ਗਏ ਲੋਕੀਂ ਦੋ-ਦੋ ਦਿਨ ਬਾਹਰ ਰਹਿਣ ਲਈ ਮਜ਼ਬੂਰ ਹੋ ਜਾਂਦੇ ਸਨ। ਸੜਕਾਂ ਤੇ ਪੁੱਲ ਨਹੀਂ ਸਨ। ਹੜ੍ਹ ਨਾਲ ਦੋਵਾਂ ਪਾਸੇ ਲੋਕੀਂ ਰੁੱਕ ਜਾਂਦੇ ਸਨ ਤੇ ਵਾਪਸ ਘਰਾਂ ਨੂੰ ਮੁੜਨਾ ਪੈਂਦਾ ਸੀ। ਕੋਈ-ਕੋਈ ਤਕੜੇ ਬਲਦਾਂ ਵਾਲਾ ਕਿਸਾਨ, ਗੱਡਾ ਜੋਤ ਲੋਕਾਂ ਨੂੰ ਪਾਰ ਲੰਘਾਉਂਦਾ ਸੀ।



ਡਾ. ਰਣਜੀਤ ਸਿੰਘ

ਦੂਜੇ ਸੰਸਾਰ ਯੁੱਧ ਪਿੱਛੋਂ ਦੇਸ਼ ਨੂੰ ਅਨਾਜ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਅੰਗ੍ਰੇਜ਼ ਸਰਕਾਰ ਜਾਣਦੀ ਸੀ ਕਿ ਪੰਜਾਬ ਹੀ ਇਸ ਘਾਟ ਨੂੰ ਪੂਰਾ ਕਰ ਸਕਦਾ ਹੈ। ਸੂਬੇ ਵਿੱਚ ਹੜ੍ਹਾਂ ਅਤੇ ਸੇਮ ਦੀ ਰੋਕਥਾਮ ਲਈ ਕਈ ਪ੍ਰੋਗਰਾਮ ਉਲੀਕੇ ਗਏ ਪਰ ਕੋਈ ਸਫ਼ਲਤਾ ਨਾ ਮਿਲੀ। ਚੋਆਂ ਵਿੱਚ ਆਏ ਪਹਿਲੇ ਹੜ੍ਹ ਨਾਲ ਹੀ ਸਾਰੇ ਲਗਾਏ ਰੁੱਖ ਰੁੜ ਗਏ। ਪੰਜਾਬ ਦੀ ਖ਼ੁਸ਼ਕਿਸਮਤੀ ਕਿ ਉਦੋਂ ਪੰਜਾਬ ਕੋਲ ਇੱਕ ਪੜ੍ਹਿਆ ਲਿਖਿਆ, ਸੂਝਵਾਨ ਤੇ ਦੂਰ ਅੰਦੇਸ਼ ਨੇਤਾ ਸੀ। ਸਰਕਾਰ ਪ੍ਰਤਾਪ ਸਿੰਘ ਕੈਰੋਂ ਨੇ ਪਹਿਲੇ ਵਿਕਾਸ ਮੰਤਰੀ ਤੇ ਮੁੜ ਮੁੱਖ ਮੰਤਰੀ ਹੁੰਦੇ ਹੋਏ ਪੰਜਾਬ ਦੇ ਵਿਕਾਸ ਨੂੰ ਸਿਖਰਾਂ ਉਤੇ ਪਹੁੰਚਾਇਆ ਅਤੇ ਪੰਜਾਬ ਨੂੰ ਦੇਸ਼ ਦਾ ਸਭ ਤੋਂ ਵੱਧ ਵਿਕਸਤ ਸੂਬਾ ਬਣਾਇਆ। ਸਾਰੇ ਸੰਸਾਰ ਵਿੱਚ ਇਸ ਦੀ ਚਰਚਾ ਹੋਈ ਕਿ ਉਹ ਸੂਬਾ ਜਿਸ 1947 ਵਿੱਚ ਵੰਡ ਦਾ ਸੰਤਾਪ ਭੋਗਿਆ ਸੀ ਕਿਵੇਂ ਕੁਝ ਸਾਲਾਂ ਵਿੱਚ ਹੀ ਵਿਕਾਸ ਦੀਆਂ ਸਿਖਰਾਂ ਨੂੰ ਛੂਹ ਸਕਦਾ ਹੈ। ਦੇਸ਼ ਦੇ ਅਤੇ ਵਿਦੇਸ਼ੀ ਮਾਹਿਰਾਂ ਨੇ ਕਾਰਨਾਂ ਦੀ ਘੋਖ ਕੀਤੀ ਤੇ ਕਿਤਾਬਾਂ ਲਿਖੀਆਂ। ਹੜ੍ਹਾਂ ਨੂੰ ਰੋਕਣਾ ਅਤੇ ਸੇਮ ਨੂੰ ਦੂਰ ਕਰਨ ਦੀ ਚੁਣੌਤੀ ਉਨ੍ਹਾਂ ਮਾਹਿਰਾਂ ਅੱਗੇ ਰੱਖੀ। ਸ੍ਰੀ ਹਰਬੰਸ ਲਾਲ ਉੱਪਲ ਨੇ ਸੂਬੇ ਦੇ ਚੋਆਂ ਅਤੇ ਨਦੀਆਂ ਨੂੰ ਕਾਬੂ ਕਰਨ ਦੀ ਇੱਕ ਸਕੀਮ ਤਿਆਰ ਕੀਤੀ। ਉਹ ਉਦੋਂ ਸ੍ਰੀ ਅੰਮ੍ਰਿਤਸਰ ਸਥਿਤ ਸਿੰਚਾਈ, ਭੂਮੀ ਸੁਧਾਰ ਖੋਜ ਸੰਸਥਾ ਦੇ ਡਾਇਰੈਕਟਰ ਸਨ। ਉਨ੍ਹਾਂ ਭਾਵੇਂ ਰਸਾਇਣਿਕ ਵਿਗਿਆਨ ਦੀ ਪੜ੍ਹਾਈ ਕੀਤੀ ਸੀ ਪਰ ਉਹ ਮੌਜੂਦਾ ਸਥਿਤੀ ਸਮਝ ਸਕੇ। ਸਰਕਾਰ ਨੇ ਉਨ੍ਹਾਂ ਨੂੰ ਕੰਮ ਕਰਨ ਦੀ ਮੰਜ਼ੂਰੀ ਦੇ ਦਿੱਤੀ। ਉਪਲ ਸਾਹਿਬ ਨੇ ਪਹਿਲਾ ਕਾਰਜ ਹੁਸ਼ਿਆਰਪੁਰ ਜ਼ਿਲ੍ਹੇ ਦੇ ਚੋਆਂ ਨੂੰ ਕਾਬੂ ਕਰਨ ਦਾ ਕੀਤਾ। ਇਸ ਜ਼ਿਲ੍ਹੇ ਦੀ ਕੋਈ 40% ਧਰਤੀ ਇਨ੍ਹਾਂ ਚੋਆਂ ਨੇ ਖਰਾਬ ਕੀਤੀ ਹੋਈ ਸੀ। ਧਰਤੀ ਵਿੱਚੋਂ ਪਾਣੀ ਦੀ ਸੀਰਾਂ ਫੁੱਟਦੀਆਂ ਰਹਿੰਦੀਆਂ ਸਨ। ਸ਼ਾਇਦ ਇਸੇ ਕਰਕੇ ਇਸ ਇਲਾਕੇ ਨੂੰ ਸੀਰੋਵਾਲ ਆਖਦੇ ਹਨ। ਉਸ ਨੇ ਸੇਮ ਦੇ ਇਲਾਜ ਲਈ ਵੀ ਕਾਨੂੰਵਾਲ ਛੰਭ ਨੂੰ ਚੁਣਿਆ ਅਤੇ 1960 ਵਿੱਚ ਇੱਥੋਂ ਸੇਮ ਖ਼ਤਮ ਕੀਤੀ। ਉਸ ਵੱਲੋਂ ਲਗਭਗ ਸਾਰੇ ਨਦੀ ਨਾਲਿਆਂ ਨੂੰ ਕਾਬੂ ਕਰਨ ਦਾ ਯਤਨ ਕੀਤਾ ਗਿਆ ਕੇਵਲ ਸਤਲੁਜ ਅਤੇ ਵਿਆਸ ਵਿੱਚੋਂ 105218 ਹੈਕਟੇਅਰ ਧਰਤੀ ਵਾਹੀ ਹੇਠ ਆਉਣ ਲੱਗੀ। ਸਤਲੁਜ ਦਰਿਆ ਉੱਤੇ ਉਸ ਨੇ ਅਕਤੂਬਰ 1962 ਵਿੱਚ ਕੰਮ ਸ਼ੁਰੂ ਕੀਤਾ। ਉਸ ਸਭ ਤੋਂ ਪਹਿਲਾਂ ਇਹ ਅੰਦਾਜ਼ ਲਗਾਇਆ ਕਿ ਬਰਸਾਤ ਦੇ ਦਿਨਾਂ ਵਿੱਚ ਦਰਿਆ ਅੰਦਰ ਵੱਧ ਤੋਂ ਵੱਧ ਕਿਤਨਾ ਪਾਣੀ ਆ ਸਕਦਾ ਹੈ ਤਾਂ ਉਸ ਦੀ ਪੱਟ ਦੀ ਚੌੜਾਈ ਉਤਨੀ ਛੱਡੀ ਜਾ ਸਕੇ। ਦਰਿਆ ਦੇ ਦੋਵੇਂ ਪਾਸੀਂ ਤਿੰਨ ਤੋਂ ਪੰਜ ਮੀਟਰ ਉੱਚੀ ਪਟੜੀ ਬਣਾਈ ਗਈ। ਇਹ ਕਾਰਜ ਦੋ ਸਾਲ ਭਾਵ ਅਕਤੂਬਰ 1964 ਵਿੱਚ ਪੂਰਾ ਹੋ ਗਿਆ। ਉਸ ਸਮੇਂ ਇਸ ਪ੍ਰਜੈਕਟ ਉੱਤੇ ਕੋਈ 80 ਕਰੋੜ ਰੁਪੈ ਖ਼ਰਚ ਆਏ ਸਨ। ਇੰਝ ਸਤਲੁਜ ਦੀ ਤਬਾਹੀ ਤੋਂ ਇਸ ਦੀ ਮਾਰ ਵਾਲੇ ਖੇਤਰ ਨੂੰ ਬਚਾਇਆ ਗਿਆ। ਇਕੱਲੇ ਸਤਲੁਜ ਦਰਿਆ ਦੇ ਕੰਢੇ ਪਟੜੀ ਬਣਾਉਣ ਨਾਲ ਕੋਈ 80,000 ਹੈਕਟੇਅਰ ਧਰਤੀ ਵਾਹੀ ਬੀਜ ਲਈ ਪ੍ਰਾਪਤ ਹੋਈ। ਲਾਡੋਵਾਲ (ਲੁਧਿਆਣਾ) ਵਾਲਾ ਸਰਕਾਰੀ ਫਾਰਮ ਇਸੇ ਧਰਤੀ ਦਾ ਹਿੱਸਾ ਹੈ। ਇਸੇ ਤਰ੍ਹਾਂ ਉਸ ਨੇ ਵਿਆਸ ਤੇ ਹੋਰ ਮੁੱਖ ਨਦੀਆਂ ਦੀ ਸੁਧਾਈ ਕੀਤੀ।

ਅਜਿਹਾ ਕੀਤਿਆਂ ਬਹੁਤ ਸਾਰੇ ਇਲਾਕਿਆਂ ਵਿੱਚੋਂ ਸੇਮ ਹੱਟ ਗਈ। ਰਹਿੰਦੀ ਕਸਰ ਟਿਊਬਵੈਲਾਂ ਨੇ ਪੂਰੀ ਕਰ ਦਿੱਤੀ। ਜੇਕਰ ਵਿਚਾਰਿਆ ਜਾਵੇ ਕਿ ਕਈ ਸਾਲਾਂ ਪਿੱਛੋਂ ਮੁੜ ਹੜ੍ਹ ਕਿਉਂ ਆਏ ਹਨ। ਇੱਕ ਤਾਂ ਕੁਦਰਤੀ ਕਰੋਪੀ ਹੈ ਜਦੋਂ ਪਹਾੜਾਂ ਉੱਤੇ ਜ਼ਿਆਦਾ ਮੀਂਹ ਪੈਂਦਾ ਹੈ ਤਾਂ ਪਾਣੀ ਦੀ ਮਾਰ ਪੈਂਦੀ ਹੈ। ਦੂਜਾ ਸਰਕਾਰੀ ਲਾਪਰਵਾਹੀ ਵੀ ਹੈ। ਇਹ ਆਮ ਵੇਖਿਆ ਗਿਆ ਹੈ ਕਿ ਜਦੋਂ ਵੀ ਕੋਈ ਨਵੀਂ ਸਕੀਮ ਲਾਗੂ ਹੁੰਦੀ ਹੈ ਕੁਝ ਸਾਲ ਉਸ ਉੱਤੇ ਬਹੁਤ ਹੀ ਗਰਮਜੋਸ਼ੀ ਨਾਲ ਕੰਮ ਹੁੰਦਾ ਹੈ ਮੁੜ ਧਿਆਨ ਘੱਟ ਜਾਂਦਾ ਹੈ। ਇਹੋ ਹਾਲ ਇੱਥੇ ਵੀ ਹੋਇਆ ਹੈ। ਕੁਝ ਸਾਲ ਹੜ੍ਹ ਨਹੀਂ ਆਏ ਤਾਂ ਸੰਬੰਧਿਤ ਮਹਿਕਮੇ ਅਵੇਸਲੇ ਹੋ ਗਏ। ਸਰਕਾਰ ਵੱਲੋਂ ਹਰ ਸਾਲ ਹੜ੍ਹਾਂ ਦੀ ਰੋਕਥਾਮ ਲਈ ਰਕਮ ਰੱਖੀ ਜਾਂਦੀ ਹੈ। ਸੰਬੰਧਿਤ ਮਹਿਕਮੇ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਸਾਰੀ ਪਟੜੀ ਦਾ ਨਿਰੀਖਣ ਕੀਤਾ ਜਾਵੇ। ਜਿੱਥੇ ਵੀ ਕਮਜ਼ੋਰੀ ਨਜ਼ਰ ਆਵੇ ਉਸ ਨੂੰ ਸੁਧਾਰਿਆ ਜਾਵੇ ਕਿਉਂਕਿ ਇਹ ਸਾਰੀ ਪਟੜੀ ਮਿੱਟੀ ਦੀ ਹੀ ਬਣੀ ਹੋਈ ਹੈ। ਦਰਿਆ ਵਿੱਚੋਂ ਰੇਤ ਅਤੇ ਬਜਰੀ ਕੱਢਣ ਲਈ ਟਰੱਕ ਟਰਾਲੀਆਂ ਜਾਂਦੇ ਹਨ। ਕੁਦਰਤੀ ਹੈ ਕਿ ਉਹ ਆਪਣੇ ਲਈ ਪਟੜੀ ਵਿੱਚ ਰਾਹ ਬਣਾਉਂਦੇ ਹੋਣਗੇ ਕਿ ਇਨ੍ਹਾਂ ਰਾਹਾਂ ਨੂੰ ਮੁੜ ਚੰਗੀ ਤਰ੍ਹਾਂ ਬੰਦ ਕੀਤਾ ਗਿਆ ਜਾਂ ਇੱਥੇ ਪੱਕੇ ਤੇ ਉੱਚੇ ਰਾਹ ਬਣਾਏ ਗਏ ਹਨ। ਕਈ ਥਾਵੀਂ ਦਰਿਆ ਵਿੱਚ ਫ਼ਸਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਹੁੰਦੀ ਹੈ। ਇਨ੍ਹਾਂ ਨੂੰ ਖਾਣ ਚੂਹੇ ਵੀ ਆਉਂਦੇ ਹਨ। ਇਹ ਚੂਹੇ ਆਪਣੀਆਂ ਖੁੱਡਾਂ ਪਟੜੀਆਂ ਵਿੱਚ ਵੀ ਬਣਾਉਂਦੇ ਹੋਣਗੇ। ਦਰਿਆ ਵਿੱਚ ਖੜਾ ਕਮਾਦ ਵੀ ਪਾਣੀ ਲਈ ਰੁਕਾਵਟ ਬਣੇਗਾ। ਸਮੇਂ ਦੇ ਬੀਤਣ ਨਾਲ ਰੁੱਖ ਉੱਗ ਆਏ ਹਨ ਤੇ ਉਹ ਵੱਡੇ ਵੀ ਹੋ ਗਏ ਹਨ। ਇਸ ਪਾਸੇ ਵੀ ਧਿਆਨ ਨਹੀਂ ਦਿੱਤਾ ਜਾਂਦਾ ਹੈ। ਗੁਸਤਾਖੀ ਮੁਆਫ਼ ਫੰਡ ਜ਼ਰੂਰ ਖਰਚ ਹੋ ਜਾਂਦੇ ਹਨ ਤੇ ਕਈ ਵਾਰ ਮੁਰੰਮਤ ਕੇਵਲ ਕਾਗਜ਼ਾਂ ਤੱਕ ਹੀ ਸੀਮਤ ਰਹਿ ਜਾਂਦੀ ਹੈ। ਮਨਰੇਗਾ ਦੇ ਫੰਡ ਵੀ ਇਸ ਕਾਰਜ ਲਈ ਵਰਤੇ ਜਾ ਸਕਦੇ ਹਨ। ਪਟੜੀ ਬਣਿਆਂ ਸੱਠ ਸਾਲ ਹੋ ਗਏ ਹਨ। ਇਤਨੇ ਸਮੇਂ ਵਿੱਚ ਤਾਂ ਇਸ ਨੂੰ ਉੱਚਾ ਕਰਕੇ ਪੱਕਾ ਕੀਤਾ ਜਾ ਸਕਦਾ ਸੀ। ਪੱਕੀ ਪਟੜੀ ਉੱਤੋਂ ਜੇਕਰ ਪਾਣੀ ਉਛਲ ਵੀ ਜਾਵੇ ਤਾਂ ਉਸ ਨੂੰ ਸਾਂਭਿਆ ਜਾ ਸਕਦਾ ਹੈ।

ਪੰਜਾਬੀਆਂ ਵਿੱਚ ਸੇਵਾ ਦੀ ਭਾਵਨਾ ਹੈ। ਉਹ ਹਰ ਮੁਸੀਬਤ ਸਮੇਂ ਅੱਗੇ ਵੱਧ ਕੇ ਦੁਖੀਆਂ ਦੀ ਬਾਂਹ ਫੜਦੇ ਹਨ। ਪਰ ਕੁਝ ਅਜਿਹੇ ਵੀ ਹਨ ਜਿਹੜੇ ਇਸ ਮੁਸੀਬਤ ਦਾ ਲਾਭ ਲੈਣ ਦਾ ਯਤਨ ਕਰਦੇ ਹਨ। ਪ੍ਰਭਾਵਿਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਇਸ ਵਾਰ ਆਪ ਅੱਗੇ ਹੋ ਕੇ ਰਾਹਤ ਦਾ ਕਾਰਜ ਕਰ ਰਹੇ ਹਨ। ਉਨ੍ਹਾਂ ਨੂੰ ਬੇਨਤੀ ਹੈ ਕਿ ਇਸ ਪਾਸਿਉਂ ਵਿਹਲੇ ਹੋ ਕੇ ਪਾਰਟੀਆਂ ਦਾ ਨਿਰੀਖਣ ਕਰੇ ਅਤੇ ਆਪਣੇ ਸਾਹਮਣੇ ਇਨ੍ਹਾਂ ਦੀ ਮੁਰੰਮਤ ਕਰਵਾਈ ਜਾਵੇ। ਕਿਉਂਕਿ ਕਈ ਵਾਰ ਜਦੋਂ ਮੁਸੀਬਤ ਟੱਲ ਜਾਂਦੀ ਹੈ ਤਾਂ ਅਸੀਂ ਆਰਾਮ ਨਾਲ ਬੈਠ ਜਾਂਦੇ ਹਾਂ ਅਤੇ ਭਵਿੱਖ ਵਿੱਚ ਅਜਿਹਾ ਨਾ ਹੋਵੇ ਉਸ ਬਾਰੇ ਸੋਚਦੇ ਨਹੀਂ ਹਾਂ। ਡੈਮਾਂ ਦੇ ਪ੍ਰਬੰਧਕਾਂ ਨੂੰ ਵੀ ਬੇਨਤੀ ਹੈ ਕਿ ਮਈ ਜੂਨ ਵਿੱਚ ਪਾਣੀ ਪੂਰਾ ਛੱਡਿਆ ਜਾਵੇ। ਮਈ ਵਿੱਚ ਨਰਮੇ ਦੀ ਬਿਜਾਈ ਅਤੇ ਜੂਨ ਵਿੱਚ ਝੋਨੇ ਦੀ ਲੁਆਈ ਵਧੀਆ ਹੋ ਜਾਵੇਗੀ ਅਤੇ ਡੈਮ ਵਿੱਚ ਬਰਸਾਤ ਦੇ ਪਾਣੀ ਲਈ ਥਾਂ ਬਣ ਜਾਵੇਗੀ। ਜਦੋਂ ਪਤਾ ਲੱਗੇ ਕਿ ਬਰਸਾਤ ਬਹੁਤ ਹੋ ਰਹੀ ਹੈ ਤਾਂ ਹੜ੍ਹ ਗੇਟ ਉਦੋਂ ਹੀ ਨਾ ਖੋਲ੍ਹੇ ਜਾਣ ਜਦੋਂ ਪਾਣੀ ਖਤਰੇ ਦੇ ਨਿਸ਼ਾਨ ਨੂੰ ਟੱਪ ਜਾਵੇ ਸਗੋਂ ਥੋਹੜੀ ਮਿਕਦਾਰ ਵਿੱਚ ਪਾਣੀ ਛੱਡ ਦੇਣਾ ਚਾਹੀਦਾ ਹੈ। ਅਚਾਨਕ ਸਾਰੇ ਗੇਟ ਖੋਲ੍ਹਣ ਨਾਲ ਹੀ ਹੜ੍ਹ ਆਉਂਦੇ ਹਨ। ਪਿੰਡਾਂ ਦੇ ਲੋਕ ਬਿਨਾਂ ਕਸੂਰ ਤੋਂ ਸਜ਼ਾ ਭੁਗਤਦੇ ਹਨ। ਕਈ ਵਰ੍ਹੇ ਲੱਗ ਜਾਂਦੇ ਮੁੜ ਗੱਡੀ ਲੀਹੇ ਆਉਂਦਿਆਂ। ਫ਼ੈਸਲੇ ਕਰਦੇ ਸਮੇਂ ਕਾਇਦੇ ਕਾਨੂੰਨ ਤੋਂ ਵੱਧ ਲੋਕਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਕਾਨੂੰਨ ਵੀ ਤਾਂ ਲੋਕ ਭਲਾਈ ਲਈ ਹੀ ਬਣਦੇ ਹਨ। ਇਨ੍ਹਾਂ ਕਾਰਨ ਕਿਸੇ ਦੀ ਤਬਾਹੀ ਹੋਵੇ ਇਹ ਜਾਇਜ ਨਹੀਂ ਹੈ।


ਇੰਡੋਫ਼ਿਲ ਦਾ ਵਾਅਦਾ
ਸਿਹਤਮੰਦ ਆਲੂ ਅਤੇ ਵਧੀਆ ਪੈਦਾਵਾਰ
sprint
ZINEB 75% WP
INDOFIL Z-78
CONTACT FUNGICIDE
IGLARE
आयग्लेर
MANCOZEB 75% W.P.
INDOFIL M-45
CONTACT FUNGICIDE
MatcoGOLD
Systemic and Contact Fungicide
CYMOXANIL 8% + MANCOZEB 64% WP
MOXIMATE
मोक्सीमेट
FERTILIZER
VITAL ENERGY
Metalosate
FERTILIZER
FRUIT ENERGY
Metalosate
indofil™